
GPSingh Immigration
GP SINGH IMMIGRATION INC.
Licenced Immigration Consultant
Refugee Claims
Family Sponsership
Work Permit
Study Permit
Super Visa
Visitor Visa
Spousal Visa and PR
Gagapreet Singh
(MEngg, RCIC-IRB)
Commissioner of Oath
7657 Rue Cordner Lasalle H8N2X2
+1 514-559-7525



Real
# ਦੇਸੀ ਟਾਈਮਜ਼
Desi Times
ਹਫਤਾਵਾਰੀ
www.desitimes.ca
QCNA
DESI TIMES WEEKLY VOLUME 7 ISSUE #500 Friday, 16 August, 2024



**Matrimonial**

Canadian Well settled Sikh khatri ਪਰਿਵਾਰ ਨੂੰ ਆਪਣੀ Canadian Born 1993 Born ਲੜਕੀ ਕੱਦ 5 ਫ਼ੁੱਟ 9 ਇੰਚ, Accounting ਦੀ Degree Holder Air Canada ਦੇ Head Quater Finance department ਵਿਚ ਕੰਮ ਕਰਦੀ ਲਈ ਲੜਕੇ ਦੀ ਲੋੜ ਹੈ। ਲੜਕਾ Canadian Born ਪੜ੍ਹਿਆ ਲਿਖਿਆ well settled ਪਰਿਵਾਰ ਦਾ ਹੋਵੇ ਜਾ ਅੱਛੀ ਜਾਬ ਜਾਂ ਚੰਗਾ ਕਾਰੋਬਾਰ ਕਰਦਾ ਹੋਵੇ। ਕੱਦ 6 ਫੁੱਟ ਤੇ ਦਾੜ੍ਹੀ Trim ਕਰਦਾ ਹੋਵੇ।

**Please Send Biodata and Pictures. Contact : Cell 514-465-8920, Whatsapp 514-465-8920**


# ਹੁਣ ਕੈਨੇਡਾ ’ਚ ਪ੍ਰਵਾਸੀਆਂ ਖ਼ਿਲਾਫ਼ ਫੈਲਾਈ ਜਾ ਰਹੀ ਨਫ਼ਰਤ, ਲੱਗ ਰਹੇ ਕੈਨੇਡਾ ਟੇਕ ਬੈਕ ਦੇ ਨਾਅਰੇ




ਟੋਰਾਂਟੋ – ਯੂ.ਕੇ. ’ਚ ਫੈਲੀ ਹਿੰਸਾ ਤੋਂ ਬਾਅਦ ਕੈਨੇਡਾ ’ਚ ਪ੍ਰਵਾਸੀਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਘਟਨਾਵਾਂ ਸ਼ੁਰੂ ਹੋ ਗਈਆਂ ਹਨ। ਯੂ.ਕੇ. ’ਚ ਪ੍ਰਵਾਸੀ ਲੋਕਾਂ ਖਿਲਾਫ ਪ੍ਰਦਰਸ਼ਨ ਹੋਇਆ ਸੀ। ਹੁਣ ਕੈਨੇਡਾ ’ਚ ਸੋਸ਼ਲ ਮੀਡੀਆ ’ਤੇ ਪ੍ਰਵਾਸੀਆਂ ਨੂੰ ਲੈ ਕੇ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਤਹਿਤ ਉਥੇ ਰਹਿਣ ਵਾਲੇ ਸਿੱਖਾਂ ਅਤੇ ਵਿਦਿਆਰਥੀਆਂ ਵਿਰੁੱਧ ਨਫਰਤ ਫੈਲਾਈ ਜਾ ਰਹੀ ਹੈ। ਸੋਸ਼ਲ ਮੀਡੀਆ ’ਤੇ ਵਾਇਰਲ ਹੋਈਆਂ ਵੀਡੀਓਜ਼ ’ਚ ‘ਫ੍ਰੀ ਕੈਨੇਡਾ’, ‘ਟੇਕ ਬੈਕ ਕੈਨੇਡਾ’ ਦੇ ਨਾਅਰੇ ਲਾ ਰਹੇ ਲੋਕ ਸਾਫ ਦਿਖਾਈ ਦੇ ਰਹੇ ਹਨ।ਕੈਨੇਡਾ ’ਚ 3 ਸਿੱਖਾਂ ’ਤੇ ਹਮਲੇ ਵੀ ਹੋਏ। ਲੋਕਾਂ ’ਚ ਅਫਵਾਹ ਫੈਲਾਈ ਜਾ ਰਹੀ ਹੈ ਕਿ ਪ੍ਰਵਾਸੀਆਂ ਨੂੰ ਕੈਨੇਡਾ ’ਚ ਟਰੂਡੋ ਲੈ ਕੇ ਆਏ ਅਤੇ ਪ੍ਰਵਾਸੀਆਂ ਨੇ ਉਨ੍ਹਾਂ ਦੀਆਂ ਨੌਕਰੀਆਂ ਖੋਹ ਲਈਆਂ। ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ ਕੈਨੇਡਾ ਦੇ ਬਲਪ੍ਰੀਤ ਸਿੰਘ ਨੇ ਕਿਹਾ ਕਿ ਜੋ ਵੀ ਇਨ੍ਹਾਂ ਪ੍ਰਦਰਸ਼ਨਾਂ ਦੀ ਅਗਵਾਈ ਕਰ ਰਿਹਾ ਹੈ, ਉਹ ਪੰਜਾਬ ਦੇ ਲੋਕਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ।ਇਸ ’ਚ ਏ. ਆਈ. ਅਤੇ ਨਿਊਜ਼ ਮੀਡੀਆ ਹਾਊਸਾਂ ਦੀ ਵੀ ਅਹਿਮ ਭੂਮਿਕਾ ਹੈ। ਕਈ ਆਰਟੀਕਲ ਛਪ ਰਹੇ ਹਨ, ਜਿਨ੍ਹਾਂ ’ਚ ਪ੍ਰਵਾਸੀਆਂ ਨੂੰ ਮਾੜਾ ਦਿਖਾਇਆ ਗਿਆ ਹੈ। ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ ਕੈਨੇਡਾ ਨੇ ਇਸ ਦੀ ਨਿਖੇਧੀ ਕਰਦਿਆਂ ਸਿੱਖਾਂ ਨੂੰ ਸੁਚੇਤ ਰਹਿਣ ਦੀ ਚਿਤਾਵਨੀ ਦਿੱਤੀ ਹੈ।

## ਵੈਨਕੂਵਰ ਵਿੱਚ ਉਸਾਰੀ ਅਧੀਨ ਇਮਾਰਤ ਨੂੰ ਲੱਗੀ ਅੱਗ 9 ਘਰਾਂ ਤੱਕ ਫੈਲੀ

ਸਰੀ – ਬੀਤੇ ਦਿਨੀ ਵੈਂਕੂਵਰ ਵਿੱਚ ਛੇ ਮੰਜ਼ਿਲਾਂ ਉਸਾਰੀ ਅਧੀਨ ਇਮਾਰਤ ਵਿੱਚ ਭਿਆਨਕ ਅੱਗ ਲੱਗ ਗਈ ਅੱਗ ਦੀਆਂ ਲਪਟਾਂ ਇੰਨੀਆਂ ਉੱਚੀਆਂ ਸਨ ਕਿ ਨੇੜਲੇ ਨੌਂ ਦੇ ਕਰੀਬ ਹੋਰ ਘਰਾਂ ਨੂੰ ਵੀ ਅੱਗ ਨੇ ਆਪਣੇ ਲਪੇਟ ਵਿੱਚ ਲੈ ਲਿਆ।ਉਸਾਰੀ ਅਧੀਨ ਇਮਾਰਤ ਵਿੱਚ ਅੱਗ ਲੱਗਣ ਕਾਰਨ ਇੱਕ ਕਰੇਨ ਵੀ ਬਿਜਲੀ ਦੀਆਂ ਤਾਰਾਂ ਉੱਤੇ ਜਾ ਡਿੱਗੀ ਜਿਸ ਕਾਰਨ ਇਲਾਕੇ ਵਿੱਚ ਲੰਮਾ ਸਮਾਂ ਗੈਸ ਅਤੇ ਬਿਜਲੀ ਦੀ ਸਪਲਾਈ ਬੰਦ ਰਹੀ।ਵੈਨਕੂਵਰ ਐਂਡ ਰੈਸਕਿਊ ਦੇ ਅਸਿਸਟੈਂਟ ਚੀਫ ਕੀਥ ਸਟੀਵਰਟ ਦਾ ਕਹਿਣਾ ਹੈ ਕਿ ਕਰੇਨ ਦੇ ਡਿੱਗਣ ਅਤੇ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਕੀਤਾ ਜਾ ਰਿਹਾ ਹੈ ਅਤੇ ਇਸ ਸਬੰਧੀ ਜਾਂਚ ਵੀ ਸ਼ੁਰੂ ਕਰ ਦਿੱਤੀ ਗਈ। ਉਹਨਾਂ ਨੇ ਦੱਸਿਆ ਕਿ ਅੱਗ ਬੁਝਾਉਣ ਲਈ ਫਾਇਰ ਮੌਕੇ ਤੇ ਪਹੁੰਚੇ ਫਾਇਰ ਕਰਮਚਾਰੀਆਂ ਵਿੱਚੋਂ ਅੱਗ



ਬੁਝਾਉਂਦੇ ਸਮੇਂ ਕੁਝ ਜਖਮੀ ਵੀ ਹੋਏ ਹਨ।ਸਟੀਵਿਟ ਨੇ ਦੱਸਿਆ ਕਿ ਅੱਗੇ ਇਨੀ ਭਿਆਨਕ ਸੀ ਕਿ ਨੇੜ ਦੇ ਘਰਾਂ ਵਿੱਚ ਫੈਲ ਗਈ ਜਿਸ ਕਾਰਨ ਰਿਚਮੰਡ ਅਤੇ ਬਰਨਬੀ ਦੇ ਫਾਇਰ ਫਾਈਟਰਾਂ ਨੂੰ ਵੀ ਬੁਲਾਉਣਾ ਪਿਆ ਤਾਂ ਕਿ ਅੱਗ ਤੇ ਛੇਤੀ ਤੋਂ ਛੇਤੀ ਕਾਬੂ ਪਾਇਆ ਜਾ ਸਕੇ। ਅਧਿਕਾਰੀਆਂ ਨੇ ਇਸ ਮੌਕੇ ਇਲਾਕੇ ਵਿੱਚ ਰਹਿ ਰਹੇ ਲੋਕਾਂ ਨੂੰ ਅਪੀਲ ਕੀਤੀ ਕਿ ਜਿਨਾਂ ਲੋਕਾਂ ਨੂੰ ਸਾਹ ਸੰਬੰਧੀ ਬਿਮਾਰੀਆਂ ਹਨ ਜਾਂ ਜਿਨਾਂ ਨੂੰ ਸਾਹ ਲੈਣ ਵਿੱਚ ਕੋਈ ਦਿੱਕਤ ਪੇਸ਼ ਹੁੰਦੀ ਹੈ ਤਾਂ ਉਹ ਕੁਝ ਸਮੇਂ ਲਈ ਇਸ ਇਲਾਕੇ ਤੋਂ ਦੂਰੀ ਬਣਾ ਕੇ ਰੱਖਣ।

## ਹਵਾ ਪ੍ਰਦੂਸ਼ਣ ਕਾਰਣ ਕੈਨੇਡਾ ’ਚ ਹਰ ਸਾਲ 1100 ਮੌਤਾਂ

ਸਰੀ– ਗੂਗਲ ’ਤੇ ਕੈਨੇਡਾ ਦੀਆਂ ਤਸਵੀਰਾਂ ਸਰਚ ਮਾਰਦੇ ਆਂ ਤਾਂ ਸਾਨੂੰ ਬਹੁਤ ਹੀ ਖ਼ੂਬਸੂਰਤ ਜਿਹੀਆਂ ਤਸਵੀਰਾਂ ਸਾਹਮਣੇ ਆਉਂਦੀਆਂ ਨੇ, ਜਿਵੇਂ ਕਿਸੇ ਜੰਨਤੀ ਸ਼ਹਿਰ ਦੀਆਂ ਹੋਣ। ਕੁੱਝ ਲੋਕਾਂ ਨੂੰ ਲੱਗਦਾ ਹੈ ਕਿ ਉੱਥੇ ਤਾਂ ਬਿਲਕੁਲ ਵੀ ਪ੍ਰਦੂਸ਼ਣ ਨਹੀਂ ਹੋਵੇਗਾ ਪਰ ਇਹ ਸੋਚਣਾ ਗ਼ਲਤ ਹੈ ਕਿਉਂਕਿ ਇਕ ਤਾਜ਼ਾ ਰਿਪੋਰਟ ਤੋਂ ਪਤਾ ਲੱਗਾ ਹੈ ਕਿ ਕੈਨੇਡਾ ਵਿਚ ਹਰ ਸਾਲ ਪ੍ਰਦੂਸ਼ਣ ਦੇ ਕਾਰਨ ਲਗਭਗ 1100 ਲੋਕਾਂ ਦੀ ਮੌਤਾਂ ਹੋ ਰਹੀਆਂ ਹਨ।ਕੁੱਝ ਹੋਰਨਾਂ ਦੇਸ਼ਾਂ ਦੇ ਮੁਕਾਬਲੇ ਕੈਨੇਡਾ ਦਾ ਵਾਤਾਵਰਣ ਕਾਫ਼ੀ ਵਧੀਆ ਹੈ ਪਰ ਇਹ ਕਹਿਣਾ ਬਿਲਕੁਲ ਗ਼ਲਤ ਹੈ ਕਿ ਉੱਥੇ ਪ੍ਰਦੂਸ਼ਣ ਹੀ ਨਹੀਂ ਹੁੰਦਾ। ਕੁਝ ਖੋਜੀਆਂ ਦੀ ਰਿਪੋਰਟ ਮੁਤਾਬਕ ਕੈਨੇਡਾ ਦੇ ਦੋ ਸਭ ਤੋਂ ਵੱਡੇ ਸ਼ਹਿਰਾਂ ਵਿਚ ਹਰ ਸਾਲ ਅੰਦਾਜ਼ਨ 1100 ਲੋਕਾਂ ਦੀ ਮੌਤ ਵਾਹਨਾਂ ਅਤੇ ਉਦਯੋਗਾਂ ਤੋਂ ਨਿਕਲਣ ਵਾਲੇ ਧੂੰਏ ਤੋਂ ਫੈਲ ਰਹੇ ਪ੍ਰਦੂਸ਼ਣ ਕਾਰਨ ਹੁੰਦੀ ਹੈ।ਖੋਜਕਰਤਾਵਾਂ ਨੇ ਟੋਰਾਂਟੋ ਅਤੇ ਮਾਂਟਰੀਅਲ ਦੇ ਆਂਢ-ਗੁਆਂਢ ਵਿਚ 2001 ਅਤੇ 2016 ਦੇ ਵਿਚਕਾਰ ਹਵਾ ਪ੍ਰਦੂਸ਼ਣ ਦੇ ਪੱਧਰਾਂ ਦਾ ਪਤਾ ਲਗਾਇਆ ਸੀ ਜਿੱਥੇ ਕਿ ਕੁੱਲ 1.5 ਮਿਲੀਅਨ ਲੋਕਾਂ ਦੇ ਘਰ ਮੌਜੂਦ ਹਨ। ਇਸ ਦੌਰਾਨ ਖੋਜੀ ਟੀਮ ਵੱਲੋਂ ਅਲਟਰਾਫਾਈਨ ਕਣ ਦੇ ਸੰਪਰਕ ਅਤੇ ਮੌਤ ਦੇ ਜ਼ੋਖਮ ਦੇ ਵਿਚਕਾਰ ਸਬੰਧ ਦੀ ਗਣਨਾ ਕਰਨ ਲਈ ਅੰਕੜੇ ਇਕੱਠੇ ਕੀਤੇ ਗਏ ਪਰ ਜੋ ਸੱਚ ਸਾਹਮਣੇ ਆਇਆ ਹੈ ਉਹ ਹੈਰਾਨ ਕਰਨ ਵਾਲਾ



ਹੈ।ਅਮੈਰੀਕਨ ਜਰਨਲ ਆਫ ਰੈਸਪੀਰੇਟਰੀ ਐਂਡ ਕ੍ਰਿਟੀਕਲ ਕੇਅਰ ਮੈਡੀਸਨ ਵਿੱਚ ਪ੍ਰਕਾਸ਼ਿਤ ਇਕ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਅਲਟਰਾਫਾਈਨ ਕਣ ਵਜੋਂ ਜਾਣੇ ਜਾਂਦੇ ਇਹ ਕਣ ਜਦੋਂ ਵਿਅਕਤੀਆਂ ਦੇ ਸੰਪਰਕ ਵਿਚ ਲੰਬਾ ਸਮਾਂ ਰਹਿਣ ਲੱਗਦੇ ਹਨ ਤਾਂ ਇਹ ਖਾਸ ਤੌਰ ’ਤੇ ਸਾਹ ਅਤੇ ਕੋਰੋਨਰੀ ਆਰਟਰੀ ਵਰਗੀਆਂ ਬਿਮਾਰੀਆਂ ਦੇ ਨਾਲ-ਨਾਲ ਮੌਤ ਦਾ ਖ਼ਤਰਾ ਕਾਫ਼ੀ ਜ਼ਿਆਦਾ ਵਧ ਜਾਂਦਾ ਹੈ।ਲੀਡ ਇਨਵੈਸਟੀਗੇਟਰ ਸਕੌਟ ਵੇਈਚੈਂਥਲ ਨੇ ਮੈਕਗਿਲ ਦੀ ਇਕ ਨਿਊਜ਼ ਰਿਲੀਜ਼ ਵਿਚ ਕਿਹਾ ਗਿਆ ਹੈ ਕਿ ਇਹ ਕਣ ਬੇਹੱਦ ਛੋਟੇ ਅਕਾਰ ਦੇ ਹੁੰਦੇ ਹਨ ਜੋ ਮਨੁੱਖੀ ਸਰੀਰ ਵਿਚ ਡੂੰਘੇ ਪ੍ਰਵੇਸ਼ ਕਰ ਕੇ ਖ਼ੂਨ ਦੇ ਪ੍ਰਵਾਹ ਵਿਚ ਦਾਖਲ ਹੋ ਜਾਂਦੇ ਹਨ, ਜਿਸ ਕਾਰਨ ਮਨੁੱਖਾਂ ਵਿਚ ਦਿਲ ਅਤੇ ਫੇਫੜਿਆਂ ਦੀਆਂ ਬਿਮਾਰੀਆਂ ਦੇ ਨਾਲ-ਨਾਲ ਕੈਂਸਰ ਵਰਗੀਆਂ ਬਿਮਾਰੀਆਂ ਹੋਣ ਦਾ ਖਤਰਾ ਵੀ ਵੱਧ ਜਾਂਦਾ ਹੈ। ਜਦੋਂ ਵਿਅਕਤੀ ਇਨ੍ਹਾਂ ਬਿਮਾਰੀਆਂ ਦੀ ਲਪੇਟ ਵਿਚ ਆ ਜਾਂਦੇ ਹਨ ਤਾਂ ਉਨ੍ਹਾਂ ਵਿਚੋਂ ਬਹੁਤ ਸਾਰਿਆਂ ਦੀ ਮੌਤ ਵੀ ਹੋ ਜਾਂਦੀ ਹੈ।ਅਧਿਐਨ ਕਰਨ ਵਾਲੇ ਮਾਹਿਰਾਂ ਦਾ ਕਹਿਣਾ ਹੈ ਕਿ ਫੈੱਡਰਲ ਸਰਕਾਰ ਅਤੇ ਸੂਬੇ ਦੀਆਂ ਸਰਕਾਰਾਂ ਨੂੰ ਅਲਟਰਾਫਾਈਨ ਕਣ ਦੀ ਰੋਕਥਾਮ ਲਈ ਹੱਦਾਂ ਤੈਅ ਕਰਨ ਦੀ ਬੇਹੱਦ ਸਖ਼ਤ ਲੋੜ ਹੈ, ਜਿਸ ਦੇ ਕਾਰਨ ਜ਼ਹਿਰੀਲਾ ਪ੍ਰਦੂਸ਼ਣ ਫੈਲਾਉਣ ਵਾਲਿਆਂ ਨੂੰ ਵੱਡੇ ਜੁਰਮਾਨਾ ਲਗਾਉਣ ਦਾ ਮਤਾ ਪੇਸ਼ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਲੋਕਾਂ ਵਿਚ ਵਧ ਰਹੇ ਮੌਤ ਦੇ ਇਸ ਜ਼ੋਖ਼ਮ ਨੂੰ ਘੱਟ ਕੀਤਾ ਜਾ ਸਕੇ ਪਰ ਦੇਖਣਾ ਹੋਵੇਗਾ ਕਿ ਕੈਨੇਡਾ ਸਰਕਾਰ ਵੱਲੋਂ ਇਸ ਮਾਮਲੇ ਵੱਲ ਕੋਈ ਧਿਆਨ ਦਿੱਤਾ ਜਾਵੇਗਾ ਜਾਂ ਨਹੀਂ।



ਤੁਹਾਡਾ ਆਪਣਾ ਪੰਜਾਬੀ ਸਟੋਰ
ROGERS™ fido
Abdul Rehman
6700 Ch de la cote des neiges k-27 H3S2B3
514-638-2222, 514-629-0000


Canada
House of Commons
Chambre des communes
Canada
Bonne Fête
de l'indépendance
de l'Inde !
VOS DÉPUTÉS FÉDÉRAUX LIBÉRAUX TIENNENT
À SOULIGNER CETTE DATE IMPORTANTE
Happy
Indian
Independence Day!
YOUR FEDERAL LIBERAL MPs WISH TO
HIGHLIGHT THIS IMPORTANT DATE
TRÈS HON. JUSTIN TRUDEAU
DÉPUTÉ / MP
Papineau
Justin.Trudeau.c1c@parl.gc.ca
(514) 277-6020
ANJU DHILLON
DÉPUTÉE / MP
Dorval – Lachine – LaSalle
Anju.Dhillon@parl.gc.ca
(514) 639-4497
EMMANUEL DUBOURG
DÉPUTÉ / MP
Bourassa
Emmanuel.Dubourg@parl.gc.ca
(514) 323-1212
FAYÇAL EL-KHOURY
DÉPUTÉ / MP
Laval – Les Îles
Faycal.El-Khoury@parl.gc.ca
(450) 689-4594
ANNA GAINEY
DÉPUTÉE / MP
Notre-Dame-de-Grâce-Westmount
Anna.Gainey@parl.gc.ca
(514) 481-1897
HON. STEVEN GUILBEAULT
DÉPUTÉ / MP
Laurier – Sainte-Marie
Steven.Guilbeault@parl.gc.ca
(514) 522-1339
ANTHONY HOUSEFATHER
DÉPUTÉ / MP
Mont-Royal / Mount Royal
Anthony.Housefather@parl.gc.ca
(514) 283-0171
ANGELO IACONO
DÉPUTÉ / MP
Alfred-Pellan
Angelo.Iacono@parl.gc.ca
(450) 661-4117
HON. MÉLANIE JOLY
DÉPUTÉE / MP
Ahuntsic-Cartierville
Melanie.Joly@parl.gc.ca
(514) 383-3709
ANNIE KOUTRAKIS
DÉPUTÉE / MP
Vimy
Annie.Koutrakis@parl.gc.ca
(450) 973-5660
EMMANUELLA LAMBROPOULOS
DÉPUTÉE / MP
Saint-Laurent
Emmanuella.Lambropoulos@parl.gc.ca
(514) 335-6655
PATRICIA LATTANZIO
DÉPUTÉE / MP
Saint-Léonard – Saint-Michel
Patricia.Lattanzio@parl.gc.ca
(514) 256-4548
HON. SORAYA MARTINEZ FERRADA
DÉPUTÉE / MP
Hochelaga
Soraya.Martinez.Ferrada@parl.gc.ca
(514) 283-2655
ALEXANDRA MENDÈS
DÉPUTÉE / MP
Brossard – Saint-Lambert
Alexandra.Mendes@parl.gc.ca
(450) 466-6872
HON. MARC MILLER
DÉPUTÉ / MP
Ville-Marie—Le Sud-Ouest—Île-des-Soeurs
Marc.Miller@parl.gc.ca
(514) 496-4885
YVES ROBILLARD
DÉPUTÉ / MP
Marc-Aurèle-Fortin
Yves.Robillard@parl.gc.ca
(450) 622-2992
HON. PABLO RODRIGUEZ
DÉPUTÉ / MP
Honoré-Mercier
Pablo.Rodriguez@parl.gc.ca
(514) 353-5044
FRANCIS SCARPALEGGIA
DÉPUTÉ / MP
Lac-Saint-Louis
Francis.Scarpaleggia@parl.gc.ca
(514) 695-6661
SHERRY ROMANADO
DÉPUTÉE / MP
Longueuil – Charles-LeMoyne
Sherry.Romanado@parl.gc.ca
(450) 671-1222
SAMEER ZUBERI
DÉPUTÉ / MP
Pierrefonds – Dollard
Sameer.Zuberi@parl.gc.ca
(514) 624-5725

# ਜੈਸਪਰ ਵਿੱਚ ਜੰਗਲੀ ਅੱਗ ਨਾਲ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਪਹੁੰਚੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ



ਸਰੀ- ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਲਬਰਟਾ ਦੇ ਸ਼ਹਿਰ ਜੈਸਪਰ ਵਿੱਚ ਲੱਗੀ ਜੰਗਲੀ ਅੱਗ ਨਾਲ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਪਹੁੰਚੇ। ਇਸ ਮੌਕੇ ਉਹਨਾਂ ਨੇ ਸੂਬੇ ਨੇ ਪ੍ਰੀਮੀਅਮ ਅਤੇ ਜੈਸਪਰ ਸ਼ਹਿਰ ਦੇ ਤਬਾਹ ਹੋਏ ਇੱਕ ਤਿਹਾਈ ਹਿੱਸੇ ਤੋਂ ਬਾਅਦ ਸ਼ਹਿਰ ਛੱਡ ਕੇ ਜਾਣ ਵਾਲੇ ਲੋਕਾਂ ਨਾਲ ਮੁਲਾਕਾਤ ਕੀਤੀ ਗਈ।ਇਸ ਮੌਕੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕਮਾਂਡ ਸੈਂਟਰ ਵਿੱਚ ਵੀ ਗਏ ਜਿੱਥੇ ਉਹਨਾਂ ਨੇ ਪ੍ਰੀਮੀਅਰ ਡੈਮੇਲ ਸਮਿਥ ਨਾਲ ਮੁਲਾਕਾਤ ਕੀਤੀ ਅਤੇ ਸੂਬੇ ਦੇ ਜਨਤਕ ਸੁਰੱਖਿਆ ਮੰਤਰੀ ਮਾਈਕ ਐਲਿਸ ਨਾਲ ਵੀ ਵਿਚਾਰ ਵਟਾਂਦਰਾ ਕੀਤਾ।ਇਸ ਤੋਂ ਬਾਅਦ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਜੰਗਲੀ ਅੱਗ ਬੁਝਾਉਣ ਵਾਲੇ ਕਰਮਚਾਰੀਆਂ ਦੇ ਇੱਕ ਦਲ ਨੂੰ ਵੀ ਮਿਲੇ ਅਤੇ ਬੀਤੇ ਕੱਲ ਜੈਸਪਰ ਸ਼ਹਿਰ ਵਿੱਚ ਮਾਰੇ ਗਏ ਇੱਕ ਫਾਇਰ ਫਾਈਟਰ ਦੀ ਮੌਤ ਤੇ ਉਹਨਾਂ ਨੇ ਦੁੱਖ ਵੀ ਪ੍ਰਗਟ ਕੀਤਾ।ਇਸ ਮੌਕੇ ਤੇ ਹੈਰਾਨੀ ਵਾਲੀ ਗੱਲ ਇਹ ਸਾਹਮਣੇ ਆਈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ।ਜਸਟਿਨ ਟਰੂਡੋ ਨਾਲ ਮੁਲਾਕਾਤ ਕਰਨ ਤੋਂ ਬਾਅਦ ਪ੍ਰੀਮੀਅਰ ਡੇਨੀਅਲ ਸਮਿਥ ਨੇ ਕਿਹਾ ਕਿ ਜੈਸਪਰ ਸ਼ਹਿਰ ਵਿੱਚ ਹੋਈ ਤਬਾਹੀ ਤੋਂ ਬਾਅਦ ਇਸ ਸ਼ਹਿਰ ਨੂੰ ਦੁਬਾਰਾ ਵਸਾਉਣ ਲਈ ਸੂਬਾ ਸਰਕਾਰ ਅਤੇ ਫੈਡਰਲ ਸਰਕਾਰ ਦੋਵਾਂ ਨੇ ਮਿਲ ਕੇ ਕੰਮ ਕਰਨ ਲਈ ਵਚਨ ਬਧਤਾ ਪ੍ਰਗਟਾਈ ਹੈ।ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਜੈਸਪਰ ਨੈਸ਼ਨਲ ਪਾਰਕ ਤੋਂ ਤਕਰੀਬਨ 20 ਤੋਂ ਵੱਧ ਲੋਕਾਂ ਨੂੰ ਜੰਗਲੀ ਅੱਗ ਲੱਗਣ ਕਾਰਨ ਆਪਣੇ ਘਰ ਛੱਡ ਕੇ ਜਾਣਾ ਪਿਆ। ਡੈਨੀਅਲ ਸਮਿਥ ਨੇ ਕਿਹਾ ਕਿ ਜਰੂਰ ਲੋਕਾਂ ਨੇ ਆਪਣੇ ਘਰ ਗਵਾਏ ਹਨ ਉਹਨਾਂ ਨੂੰ ਜਲਦ ਤੋਂ ਜਲਦ ਅਸਥਾਈ ਘਰ ਉਪਲਬਧ ਕਰਵਾਉਣ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।ਪਾਰਕਸ ਕਨੇਡਾ ਵੱਲੋਂ ਜਾਰੀ ਕੀਤੇ ਇੱਕ ਬਿਆਨ ਵਿੱਚ ਇਹ ਕਿਹਾ ਗਿਆ ਹੈ ਕਿ ਜੈਸਪਰ ਜੰਗਲੀ ਅੱਗ ਅਜੇ ਵੀ 3040 ਵਰਗ ਕਿਲੋਮੀਟਰ ਦੇ ਘੇਰੇ ਵਿੱਚ ਫੈਲੀ ਹੋਈ ਹੈ।

## ਡਾ. ਜਤਿੰਦਰ ਬੈਦਵਾਨ ਨੂੰ ਬੀ.ਸੀ. ਸੂਬੇ ਦੇ ਚੀਫ਼ ਕੋਰੋਨਰ ਕੀਤਾ ਨਿਯੁਕਤ

ਸਰੀ : ਬੀ.ਸੀ. ਸਰਕਾਰ ਨੇ ਡਾਕਟਰ ਜਤਿੰਦਰ ਬੈਦਵਾਨ ਨੂੰ ਸੂਬੇ ਦਾ ਨਵਾਂ ਚੀਫ਼ ਕੋਰੋਨਰ ਨਿਯੁਕਤ ਕੀਤਾ ਹੈ। ਵੀਰਵਾਰ ਨੂੰ ਪਬਲਿਕ ਸੇਫ਼ਟੀ ਮਿਨਿਸਟਰੀ ਨੇ ਐਲਾਨਿਆ ਕਿ ਡਾਕਟਰ ਅਤੇ ਸਿੱਖਿਅਕ, ਜਤਿੰਦਰ ਬੈਦਵਾਨ ਨੂੰ ਲਿਊਟਨੈਂਟ-ਗਵਰਨਰ ਨੇ ਨਿਯੁਕਤ ਕਰ ਦਿੱਤਾ ਹੈ।ਕੋਰੋਨਰ ਨੂੰ ਮੌਤ-ਸਮੀਖਿਅਕ ਵੀ ਕਿਹਾ ਜਾ ਸਕਦਾ ਹੈ। ਇਹ ਇੱਕ ਸਰਕਾਰੀ ਅਧਿਕਾਰੀ ਹੁੰਦਾ ਹੈ ਜਿਸ ਕੋਲ ਹਿੰਸਕ, ਅਚਾਨਕ ਜਾਂ ਸ਼ੱਕੀ ਮੌਤਾਂ ਦੀ ਤਹਿਕੀਕਾਤ ਕਰਨ ਜਾਂ ਇਨ੍ਹਾਂ ਮੌਤਾਂ ਦੀ ਜਾਂਚ ਦਾ ਆਦੇਸ਼ ਦੇਣ ਦਾ ਅਧਿਕਾਰ ਹੁੰਦਾ ਹੈ।



ਬੈਦਵਾਨ ਕੋਰੋਨਰ ਸਰਵਿਸ ਵਿਚ ਨਵੇਂ ਨਹੀਂ ਹਨ। ਉਹ 2017 ਵਿੱਚ ਕੋਰੋਨਰ ਸਰਵਿਸ ਵਿਚ ਮੁੱਖ ਮੈਡੀਕਲ ਅਫਸਰ ਵਜੋਂ ਸ਼ਾਮਲ ਹੋਏ ਸਨ। ਉਸ ਭੂਮਿਕਾ ਵਿੱਚ, ਉਹਨਾਂ ਨੇ 2021 ਦੇ ਹੀਟ ਡੋਮ ਤੋਂ ਹੋਈਆਂ ਮੌਤਾਂ ਦੀ ਜਾਂਚ ਦੇ ਨਾਲ-ਨਾਲ ਕੋਵਿਡ-19 ਮਹਾਂਮਾਰੀ ਦੌਰਾਨ ਹੋਈਆਂ ਮੌਤਾਂ ਦੀ ਜਾਂਚ ਵਿੱਚ ਸੰਸਥਾ ਦੀ ਅਗਵਾਈ ਕੀਤੀ ਸੀ।ਮੰਤਰਾਲੇ ਨੇ ਇੱਕ ਨਿਊਜ਼ ਰਿਲੀਜ਼ ਵਿਚ ਕਿਹਾ, ਮੁੱਖ ਕੋਰੋਨਰ ਹੋਣ ਦੇ ਨਾਤੇ, ਬੈਦਵਾਨ ਦਾ ਉਦੇਸ਼ ਬੀਸੀ ਕੋਰੋਨਰ ਸਰਵਿਸ ਦੀ ਭੂਮਿਕਾ ਨੂੰ ਵਧਾਉਣਾ ਹੈ ਤਾਂ ਜੋ ਨੀਤੀਘਾੜਿਆਂ ਨੂੰ ਉਹਨਾਂ ਦੇ ਫੈਸਲਿਆਂ ਵਿੱਚ ਬਿਹਤਰ ਜਾਣਕਾਰੀ ਦੇਣ, ਭਵਿੱਖ ਵਿੱਚ ਹੋਣ ਵਾਲੀਆਂ ਮੌਤਾਂ ਨੂੰ ਰੋਕਣ ਅਤੇ ਪੂਰੇ ਬੀ.ਸੀ. ਵਿੱਚ ਲੋਕਾਂ ਦੀ ਸੁਰੱਖਿਆ ਵਿੱਚ ਸੁਧਾਰ ਕਰਨ ਲਈ ਡੇਟਾ ਪ੍ਰਦਾਨ ਕੀਤਾ ਜਾ ਸਕੇ।ਬੈਦਵਾਨ ਦੀ ਨਿਯੁਕਤੀ ਸਾਬਕਾ ਮੁੱਖ ਕੋਰੋਨਰ ਲੀਜ਼ਾ ਲਾਪੁਆਇੰਟ ਦੀ ਸੇਵਾਮੁਕਤੀ ਤੋਂ ਲਗਭਗ ਛੇ ਮਹੀਨੇ ਬਾਅਦ ਹੋਈ ਹੈ।ਅਹੁਦਾ ਛੱਡਣ ਲੱਗਿਆਂ ਲਾਪੁਆਇੰਟ ਨੇ ਡਰੱਗਜ਼ ਨਾਲ ਹੋਣ ਵਾਲੀਆਂ ਮੌਤਾਂ ਨੂੰ ਰੋਕਣ ਲਈ ਸੂਬਾਈ ਸਰਕਾਰ ਦੀ ਪਹੁੰਚ ਦੀ ਆਲੋਚਨਾ ਕੀਤੀ ਸੀ।ਅਪ੍ਰੈਲ 2016 ਵਿੱਚ ਇੱਕ ਪਬਲਿਕ ਹੈਲਥ ਐਮਰਜੈਂਸੀ ਐਲਾਨੇ ਜਾਣ ਤੋਂ ਬਾਅਦ, ਬੀਸੀ ਵਿੱਚ 14,500 ਤੋਂ ਵੱਧ ਲੋਕ ਜ਼ਹਿਰੀਲੀਆਂ ਦਵਾਈਆਂ ਨਾਲ ਆਪਣੀਆਂ ਜਾਨਾਂ ਗੁਆ ਚੁੱਕੇ ਹਨ। ਇਸ ਸਪ੍ਰਿੰਗ ਸੀਜ਼ਨ ਬੀਸੀ ਸਰਕਾਰ ਨੇ ਡਰੱਗਜ਼ ਦੇ ਅਣ-ਅਪਰਾਧੀਕਰਨ ਵਾਲੇ ਪਾਇਲਟ ਪ੍ਰੋਜੈਕਟ ਨੂੰ ਪਲਟ ਦਿੱਤਾ ਅਤੇ ਜਨਤਕ ਥਾਂਵਾਂ ਜਿਵੇਂ ਪਾਰਕ, ਪਬਲਿਕ ਟ੍ਰਾਂਜ਼ਿਟ ਅਤੇ ਹਸਪਤਾਲਾਂ ਵਿਚ ਡਰੱਗਜ਼ ਦੇ ਇਸਤੇਮਾਲ ਨੂੰ ਮੁੜ ਅਪਰਾਧਕ ਦਾਇਰੇ ਵਿਚ ਲੈ ਆਂਦਾ। ਫਰਵਰੀ ਵਿੱਚ, ਲਾਪੁਆਇੰਟ ਨੇ ਦੱਸਿਆ ਸੀ ਕਿ ਉਹਨਾਂ ਦੇ ਜਾਣ ਤੋਂ ਬਾਅਦ ਡਰੱਗਜ਼ ਦੀ ਵਰਤੋਂ ਨੂੰ ਬਦਨਾਮੀ ਨਾਲ ਨਾ ਜੋੜਨ ਅਤੇ ਇਸਨੂੰ ਅਪਰਾਧਿਕ ਦਾਇਰੇ ਤੋਂ ਬਾਹਰ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਰਹਿਣੀਆਂ ਚਾਹੀਦੀਆਂ ਹਨ।

## ਹਵਾ ਪ੍ਰਦੂਸ਼ਣ ਕਾਰਣ ਕੈਨੇਡਾ ‘ਚ ਹਰ ਸਾਲ ਹੋ ਰਹੀ ਹੈ 1100 ਦੇ ਕਰੀਬ ਲੋਕਾਂ ਦੀ ਮੌਤ




ਸਰੀ- ਮਾਂਟਰੀਅਲ ਦੀ ਮੈਕਗਿਲ ਯੂਨੀਵਰਸਿਟੀ ਦੇ ਖੋਜਕਰਤਾਵਾਂ ਨੇ ਪਾਇਆ ਹੈ ਕਿ ਕੈਨੇਡਾ ਦੇ ਦੋ ਸਭ ਤੋਂ ਵੱਡੇ ਸ਼ਹਿਰਾਂ ਵਿੱਚ ਪ੍ਰਤੀ ਸਾਲ ਅੰਦਾਜ਼ਨ 1,100 ਲੋਕਾਂ ਦੀ ਮੌਤ ਵਾਹਨਾਂ ਅਤੇ ਉਦਯੋਗਾਂ ਤੋਂ ਨਿਕਲਣ ਵਾਲੇ ਧੂੰਏ ਤੋਂ ਫੈਲ ਰਹੇ ਪ੍ਰਦੂਸ਼ਣ ਕਾਰਨ ਹੋ ਰਹੀ ਹੈ।ਅਮੈਰੀਕਨ ਜਰਨਲ ਆਫ ਰੈਸਪੀਰੇਟਰੀ ਐਂਡ ਕ੍ਰਿਟੀਕਲ ਕੇਅਰ ਮੈਡੀਸਨ ਵਿੱਚ ਪ੍ਰਕਾਸ਼ਿਤ ਉਹਨਾਂ ਦੇ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਅਲਟਰਾਫਾਈਨ ਕਣ ਵਜੋਂ ਜਾਣੇ ਜਾਂਦੇ ਇਹ ਕਣ ਜਦੋਂ ਵਿਅਕਤੀਆਂ ਦੇ ਸੰਪਰਕ ਵਿੱਚ ਲੰਬਾ ਸਮਾਂ ਰਹਿਣ ਲੱਗਦੇ ਹਨ ਤਾਂ ਇਹ ਖਾਸ ਤੌਰ ‘ਤੇ ਸਾਹ ਅਤੇ ਕੋਰੋਨਰੀ ਆਰਟਰੀ ਵਰਗੀਆਂ ਬਿਮਾਰੀਆਂ ਦੇ ਨਾਲ ਨਾਲ ਮੌਤ ਦੇ ਜੋਖਮ ਨੂੰ ਵਧਾਉਂਦੇ ਹਨ।ਖੋਜਕਰਤਾਵਾਂ ਨੇ ਟੋਰਾਂਟੋ ਅਤੇ ਮਾਂਟਰੀਅਲ ਦੇ ਆਂਢ-ਗੁਆਂਢ ਵਿੱਚ 2001 ਅਤੇ 2016 ਦੇ ਵਿਚਕਾਰ ਹਵਾ ਪ੍ਰਦੂਸ਼ਣ ਦੇ ਪੱਧਰਾਂ ਦਾ ਪਤਾ ਲਗਾਇਆ ਜਿਥੇ ਕਿ ਕੁੱਲ 1.5 ਮਿਲੀਅਨ ਲੋਕਾਂ ਦੇ ਘਰ ਹਨ ਅਤੇ ਅਲਟਰਾਫਾਈਨ ਕਣ ਦੇ ਸੰਪਰਕ ਅਤੇ ਮੌਤ ਦੇ ਜੋਖਮ ਦੇ ਵਿਚਕਾਰ ਸਬੰਧ ਦੀ ਗਣਨਾ ਕਰਨ ਲਈ ਅੰਕੜੇ ਇਕੱਠੇ ਕੀਤੇ। ਲੀਡ ਇਨਵੈਸਟੀਗੇਟਰ ਸਕੌਟ ਵੇਈਚੈਂਥਲ ਨੇ ਮੈਕਗਿਲ ਦੀ ਇੱਕ ਨਿਊਜ਼ ਰੀਲੀਜ਼ ਵਿੱਚ ਕਿਹਾ ਹੈ ਕਿ ਕਣਾਂ ਦੇ ਛੋਟੇ ਆਕਾਰ ਉਹਨਾਂ ਨੂੰ ਮਨੁੱਖੀ ਸਰੀਰ ਵਿੱਚ ਡੂੰਘੇ ਪ੍ਰਵੇਸ਼ ਕਰਕੇ ਖੂਨ ਦੇ ਪ੍ਰਵਾਹ ਵਿੱਚ ਦਾਖਲ ਹੋ ਜਾਂਦੇ ਹਨ ਜਿਸ ਕਾਰਨ ਦਿਲ ਅਤੇ ਫੇਫੜਿਆਂ ਦੀਆਂ ਬਿਮਾਰੀਆਂ ਦੇ ਨਾਲ-ਨਾਲ ਕੈਂਸਰ ਵਰਗੀਆਂ ਬਿਮਾਰੀਆਂ ਹੋਣ ਦਾ ਖਤਰਾ ਵੀ ਵੱਧ ਜਾਂਦਾ ਹੈ। ਅਧਿਐਨ ਕਰਨ ਵਾਲੇ ਮਾਹਰਾਂ ਦਾ ਕਹਿਣਾ ਹੈ ਕਿ ਫੈਡਰਲ ਸਰਕਾਰ ਅਤੇ ਸੂਬੇ ਦੀਆਂ ਸਰਕਾਰਾਂ ਨੂੰ ਅਲਟਰਾਫਾਈਨ ਕਣ ਦੀ ਰੋਕਥਾਮ ਲਈ ਸੀਮਾਵਾਂ ਨਿਰਧਾਰਤ ਕਰਨ ਦੀ ਲੋੜ ਹੈ ਅਤੇ ਜ਼ਹਿਰੀਲਾ ਪ੍ਰਦੂਸ਼ਣ ਫੈਲਾਉਣ ਵਾਲਿਆਂ ਨੂੰ ਵੱਡੇ ਜੁਰਮਾਨਾ ਲਗਾਉਣ ਦਾ ਪ੍ਰਸਤਾਵ ਪੇਸ਼ ਕੀਤਾ ਜਾਣਾ ਚਾਹੀਦਾ ਹੈ।

## ਭਾਈ ਹਰਦੀਪ ਸਿੰਘ ਨਿੱਝਰ ਕਤਲ ਮਾਮਲੇ ਦੀ ਸੁਣਵਾਈ ਚੌਥੀ ਵਾਰ ਟਲੀ, ਅਗਲੀ ਤਰੀਕ 1 ਅਕਤੂਬਰ

ਸਰੀ- ਸਰੀ ਦੀ ਸੂਬਾਈ ਅਦਾਲਤ ਦੇ ਜੱਜ ਮਾਰਕ ਜੇਟੀ ਨੇ ਸਰੀ ਦੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਭਾਈ ਹਰਦੀਪ ਸਿੰਘ ਨਿੱਝਰ ਦੇ ਹਾਈ-ਪ੍ਰੋਫਾਈਲ ਕਤਲ ਕੇਸ ਦੀ ਸੁਣਵਾਈ 1 ਅਕਤੂਬਰ ਤੱਕ ਮੁਲਤਵੀ ਕਰ ਦਿੱਤੀ ਹੈ। 15 ਮਈ ਤੋਂ ਬਾਅਦ ਇਹ ਇਸ ਕੇਸ ਦੀ ਚੌਥੀ ਮੁਲਤਵੀ ਹੈ। ਕਿਉਂਕਿ ਬਚਾਅ ਪੱਖ ਦੇ ਵਕੀਲਾਂ ਵਲੋਂ ਆਪਣੇ ਦਸਤਾਵੇਜ਼ਾਂ ਪੇਸ਼ ਨਹੀਂ ਕੀਤੇ ਜਾ ਰਹੇ ਜਿਸ ਕਾਰਨ ਸੁਣਵਾਈ ਮੁਲਤਵੀ ਕੀਤੀ ਜਾ ਰਹੀ ਹੈ।ਜ਼ਿਕਰਯੋਗ ਹੈ ਕਿ ਭਾਈ ਨਿੱਝਰ ਦਾ 18 ਜੂਨ, 2023 ਨੂੰ ਨਿਊਟਨ ਵਿੱਚ ਸਕਾਟ ਰੋਡ ਦੇ 7000-ਬਲਾਕ ਵਿੱਚ ਸਥਿਤ ਗੁਰੂ ਨਾਨਕ ਸਿੱਖ ਗੁਰਦੁਆਰੇ ਦੀ ਪਾਰਕਿੰਗ ਵਿੱਚ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ।ਇਸ ਮਾਮਲੇ ਵਿੱਚ ਪੁਲਿਸ ਵਲੋਂ ਮੁਲਜ਼ਮ ਅਮਨਦੀਪ ਸਿੰਘ (22), ਕਰਨ ਬਰਾੜ (22), ਕਮਲਪ੍ਰੀਤ ਸਿੰਘ (22) ਅਤੇ ਕਰਨਪ੍ਰੀਤ ਸਿੰਘ (28) ‘ਤੇ ਫਸਟ ਡਿਗਰੀ ਕਤਲ ਅਤੇ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ ਆਇਦ ਕੀਤੇ ਗਏ ਹਨ ।



7 ਅਗਸਤ ਨੂੰ ਕ੍ਰਾਊਨ ਪ੍ਰੌਸੀਕਿਊਟਰ ਲੁਈਸ ਕੇਨਵਰਥੀ ਦੇ ਨਾਲ, ਟੀਮਜ਼ ‘ਤੇ ਵੀਡੀਓ ਰਾਹੀਂ ਚਾਰ ਬਚਾਅ ਵਕੀਲ ਪੇਸ਼ ਹੋਏ ਅਤੇ ਉਨ੍ਹਾਂ ਸੁਣਵਾਈ ਮੁਲਤਵੀ ਕਰਨ ਦੀ ਬੇਨਤੀ ਕੀਤੀ ਸੀ। ਉਨ੍ਹਾਂ ਨੇ ਜੱਜ ਮਾਰਕ ਜੇਟੀ ਨੂੰ ਦੱਸਿਆ, ਕਰਾਊਨ ਇਸ ਮਾਮਲੇ ਵਿੱਚ ਬਚਾਅ ਪੱਖ ਨੂੰ ਖੁਲਾਸਾ ਕਰਨ ਲਈ ਪੂਰੀ ਲਗਨ ਨਾਲ ਕੰਮ ਕਰ ਰਿਹਾ ਹੈ, ਪਰ ਮੈਂ ਆਪਣੇ ਦੋਸਤਾਂ ਨੂੰ ਸਲਾਹ ਦਿੱਤੀ ਹੈ ਕਿ ਇਸ ਮਾਮਲੇ ਵਿੱਚ ਠੋਸ ਖੁਲਾਸਾ ਪ੍ਰਾਪਤ ਕਰਨ ਦੀ ਪ੍ਰਕਿਰਿਆ ਵਿੱਚ ਕੁਝ ਮਹੀਨੇ ਹੋਰ ਲੱਗਣਗੇ।ਉਸਨੇ ਅੱਗੇ ਦੱਸਿਆ ਕਿ ਮੁਕੱਦਮੇ ਦੀ ਸੁਣਵਾਈ ਬੀ.ਸੀ ਸੁਪਰੀਮ ਕੋਰਟ ਵਿੱਚ ਨਿਸ਼ਚਤਕੀਤੀ ਜਾਵੇਗੀ।

## ਕੈਨੇਡਾ ਨੇ ਆਪਣੇ ਡਿਪਲੋਮੈਟਾਂ ਦੇ ਬੱਚਿਆਂ ਨੂੰ ਇਜ਼ਰਾਈਲ ਚੋਂ ਬਾਹਰ ਕੱਢਣ ਦਾ ਲਿਆ ਫੈਸਲਾ

ਔਟਵਾ : ਕੈਨੇਡੀਅਨ ਸਰਕਾਰ ਦਾ ਕਹਿਣਾ ਹੈ ਕਿ ਮੱਧ ਪੂਰਬ ਵਿਚ ਇੱਕ ਵਿਆਪਕ ਜੰਗ ਦੇ ਆਸਾਰ ਦੇ ਮੱਦੇਨਜ਼ਰ ਉਸਨੇ ਆਪਣੇ ਡਿਪਲੋਮੈਟਾਂ ਦੇ ਬੱਚਿਆਂ ਅਤੇ ਉਨ੍ਹਾਂ ਦੇ ਸਰਪ੍ਰਸਤਾਂ ਨੂੰ ਇਜ਼ਰਾਈਲ ਤੋਂ ਬਾਹਰ ਕੱਢਣ ਦਾ ਫੈਸਲਾ ਕੀਤਾ ਹੈ। ਗਲੋਬਲ ਅਫੇਅਰਜ਼ ਕੈਨੇਡਾ ਦਾ ਕਹਿਣਾ ਹੈ ਕਿ ਉਸਨੇ ਬੱਚਿਆਂ ਅਤੇ ਉਨ੍ਹਾਂ ਦੇ ਸਰਪ੍ਰਸਤਾਂ ਨੂੰ ਅਸਥਾਈ ਤੌਰ ‘ਤੇ ਕਿਸੇ ਸੁਰੱਖਿਅਤ ਤੀਜੇ ਦੇਸ਼ ਵਿੱਚ ਭੇਜੇ ਜਾਣ ਦੀ ਮਨਜ਼ੂਰੀ ਦੇ ਦਿੱਤੀ ਹੈ। ਦੂਤਾਵਾਸ ਦਾ ਸਟਾਫ਼ ਇਜ਼ਰਾਈਲ ਵਿਚ ਹੀ ਰਹੇਗਾ।ਬੁੱਧਵਾਰ ਇੱਕ ਬਿਆਨ ਵਿਚ ਗਲੋਬਲ ਅਫੇਅਰਜ਼ ਕੈਨੇਡਾ ਨੇ ਕਿਹਾ, ਇਜ਼ਰਾਈਲ ਦੇ ਤੇਲ ਅਵੀਵ ਵਿੱਖੇ ਕੈਨੇਡੀਅਨ ਦੂਤਾਵਾਸ, ਲੇਬਨਾਨ ਦੇ ਬੇਰੂਤ ਵਿੱਖੇ ਸਥਿਤ ਕੈਨੇਡੀਅਨ ਦੂਤਾਵਾਸ, ਅਤੇ ਫ਼ਲਸਤੀਨੀ ਅਥਾਰਟੀ ਲਈ ਕੈਨੇਡਾ ਦਾ ਪ੍ਰਤੀਨਿਧੀ ਦਫ਼ਤਰ, ਇਹ ਸਾਰੇ ਪੂਰੀ ਤਰ੍ਹਾਂ ਕਾਰਜਸ਼ੀਲ ਹਨ ਅਤੇ ਕੈਨੇਡੀਅਨਜ਼ ਨੂੰ ਜ਼ਰੂਰੀ ਸੇਵਾਵਾਂ ਪ੍ਰਦਾਨ ਕਰਨਾ ਜਾਰੀ ਰੱਖ ਰਹੇ ਹਨ, ਜਿਸ ਵਿੱਚ ਕੌਂਸਲਰ ਸੇਵਾਵਾਂ ਵੀ ਸ਼ਾਮਲ ਹਨ।ਵੈਸਟ ਬੈਂਕ ਵਿਚ ਰਾਮੱਲਾ ਅਤੇ ਲੇਬਨਾਨ ਦੇ ਬੇਰੂਤ ਵਿੱਚ ਤਾਇਨਾਤ ਡਿਪਲੋਮੈਟਾਂ ਦੇ ਨਾਲ ਉਨ੍ਹਾਂ ਦੇ ਪਰਿਵਾਰ ਨਹੀਂ ਰਹਿ ਰਹੇ। ਵਿਭਾਗ ਨੇ ਕਿਹਾ, ਲੇਬਨਾਨ ਅਤੇ ਰਾਮੱਲਾ ਵਿੱਚ ਸਾਡੇ ਮਿਸ਼ਨਾਂ ਵਿੱਚ ਸਟਾਫ਼ ਮੌਜੂਦ ਹੈ ਅਤੇ ਉਨ੍ਹਾਂ ਨੂੰ ਮੌਜੂਦਾ ਸਥਿਤੀ ਅਤੇ ਗਲੋਬਲ ਅਫੇਅਰਜ਼ ਕੈਨੇਡਾ ਵੱਲੋਂ ਚੁੱਕੇ ਜਾ ਰਹੇ ਉਪਾਵਾਂ ਬਾਰੇ ਨਿਯਮਿਤ ਤੌਰ ‘ਤੇ ਅੱਪਡੇਟ ਕੀਤਾ ਜਾ ਰਿਹਾ ਹੈ।ਪਿਛਲੇ ਹਫ਼ਤੇ ਲੇਬਨਾਨ ਵਿੱਚ ਇੱਕ ਸੀਨੀਅਰ ਹਿਜ਼ਬੁੱਲਾ ਕਮਾਂਡਰ ਅਤੇ ਈਰਾਨ ਵਿੱਚ ਹਮਾਸ ਦੇ ਸਿਖਰਲੇ ਸਿਆਸੀ ਲੀਡਰ ਦੀ ਹੱਤਿਆ ਤੋਂ ਬਾਅਦ ਮੱਧ ਪੂਰਬ ਵਿੱਚ ਤਣਾਅ ਨੇ ਇੱਕ ਵਿਆਪਕ ਯੁੱਧ ਦਾ ਡਰ ਪੈਦਾ ਕਰ ਦਿੱਤਾ ਹੈ। ਸਰਕਾਰ ਨੇ ਕੈਨੇਡੀਅਨਜ਼ ਨੂੰ ਮੌਜੂਦਾ ਖੇਤਰੀ ਹਥਿਆਰਬੰਦ ਸੰਘਰਸ਼ ਅਤੇ ਅਣਪਛਾਤੀ ਸੁਰੱਖਿਆ ਸਥਿਤੀ ਦੇ ਮੱਦੇਨਜ਼ਰ ਇਜ਼ਰਾਈਲ ਦੀ ਯਾਤਰਾ ਕਰਨ ਤੋਂ ਬਚਣ ਦੀ ਚੇਤਾਵਨੀ ਦਿੱਤੀ ਸੀ। ਸਰਕਾਰ ਨੇ ਵੈਸਟ ਬੈਂਕ, ਗਾਜ਼ਾ ਪੱਟੀ, ਯਰੂਸ਼ਲਮ ਅਤੇ ਲੇਬਨਾਨ ਦੀ ਯਾਤਰਾ ਤੋਂ ਵੀ ਬਚਣ ਦੀ ਸਲਾਹ ਦਿੱਤੀ ਹੈ।ਮੌਜੂਦਾ ਸੰਘਰਸ਼ 7 ਅਕਤੂਬਰ ਨੂੰ ਸ਼ੁਰੂ ਹੋਇਆ ਸੀ, ਜਦੋਂ ਹਮਾਸ ਨੇ ਇਜ਼ਰਾਈਲ ‘ਤੇ ਅਚਾਨਕ ਘਾਤਕ ਹਮਲਾ ਕੀਤਾ ਸੀ ਜਿਸ ਵਿੱਚ ਅੰਦਾਜ਼ਨ 1,200 ਲੋਕ ਮਾਰੇ ਗਏ ਸਨ। ਇਜ਼ਰਾਈਲ ਨੇ ਵੀ ਗਾਜ਼ਾ ਵਿਚ ਜਵਾਬੀ ਫ਼ੌਜੀ ਕਾਰਵਾਈਆਂ ਕੀਤੀਆਂ



ਅਤੇ ਗਾਜ਼ਾ ਵਿੱਚ ਹਮਾਸ ਦੁਆਰਾ ਚਲਾਏ ਜਾ ਰਹੇ ਸਿਹਤ ਮੰਤਰਾਲੇ ਦਾ ਕਹਿਣਾ ਹੈ ਕਿ ਇਹਨਾਂ ਫ਼ੌਜੀ ਹਮਲਿਆਂ ਵਿੱਚ 39,100 ਤੋਂ ਵੱਧ ਫ਼ਲਸਤੀਨੀ ਮਾਰੇ ਗਏ ਹਨ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਹਫਤੇ ਦੇ ਸ਼ੁਰੂ ਵਿੱਚ ਜੌਰਡਨ ਦੇ ਕਿੰਗ ਅਬਦੁੱਲਾ ਨਾਲ ਇਜ਼ਰਾਈਲ ਅਤੇ ਈਰਾਨ ਦੇ ਨਾਲ-ਨਾਲ ਇਜ਼ਰਾਈਲ ਅਤੇ ਹਿਜ਼ਬੁੱਲਾ ਤੇ ਇਰਾਨ ਨਾਲ ਜੁੜੇ ਹੋਰ ਸਮੂਹਾਂ ਵਿਚਕਾਰ ਵਿਸਤ੍ਰਿਤ ਸੰਘਰਸ਼ ਦੇ ਜੋਖਮ ‘ਤੇ ਆਪਣੀ ਡੂੰਘੀ ਚਿੰਤਾ ਜ਼ਾਹਰ ਕਰਨ ਲਈ ਗੱਲ ਕੀਤੀ ਸੀ।

# ਪਿਛਲੇ ਸਾਲ ਦੇ ਮੁਕਾਬਲੇ ਕੈਨੇਡਾ ਦੇ ਵੱਡੇ ਸ਼ਹਿਰਾਂ ‘ਚ ਕਿਰਾਏ 5.9 ਫੀਸਦੀ ਵਧੇ




ਔਟਵਾ : ਅਰਬਨੇਸ਼ਨ ਦੁਆਰਾ ਬੁੱਧਵਾਰ ਨੂੰ ਜਾਰੀ ਕੀਤੀ ਗਈ ਇੱਕ ਰਿਪੋਰਟ ਦੇ ਅਨੁਸਾਰ, ਪੂਰੇ ਕੈਨੇਡਾ ਵਿੱਚ ਕਿਰਾਏ ਅਜੇ ਵੀ ਵੱਧ ਰਹੇ ਹਨ, ਪਰ ਹੁਣ ਵਾਧਿਆਂ ਦੀ ਰਫਤਾਰ ਪਿਛਲੇ ਢਾਈ ਸਾਲਾਂ ਵਿੱਚ ਸਭ ਤੋਂ ਹੌਲੀ ਦਰਜ ਹੋਈ ਹੈ।ਜੁਲਾਈ ਵਿਚ ਸਾਰੀ ਤਰ੍ਹਾਂ ਦੀਆਂ ਰਿਹਾਇਸ਼ੀ ਪ੍ਰਾਪਰਟੀਆਂ ਲਈ ਮੰਗੇ ਜਾਣ ਵਾਲੇ ਕਿਰਾਇਆਂ ਦੀ ਔਸਤ 2,201 ਡਾਲਰ ਪ੍ਰਤੀ ਮਹੀਨਾ ਦਰਜ ਹੋਈ ਜੋ ਕਿ ਪਿਛਲੇ ਸਾਲ ਦੀ ਤੁਲਨਾ ਵਿਚ 5.9% ਦਾ ਵਾਧਾ ਦਰਸਾਉਂਦਾ ਹੈ। ਇਹ ਅੰਕੜੇ ੍ਰਏਨਟਓਲਸ.ਚਓ ‘ਤੇ ਲਿਸਟ ਕੀਤੇ ਗਏ ਨਵੇਂ ਯੂਨਿਟਾਂ ‘ਤੇ ਅਧਾਰਤ ਹਨ।ਇਹ ਸਾਲ-ਦਰ-ਸਾਲ ਵਾਧਾ ਪਿਛਲੇ 31 ਮਹੀਨਿਆਂ ਦੌਰਾਨ ਹੋਇਆ ਸਭ ਤੋਂ ਮੱਧਮ ਵਾਧਾ ਹੈ। ਹਾਲਾਂਕਿ ਕੁਝ ਥਾਂਵਾਂ ‘ਤੇ ਪਿਛਲੇ ਸਾਲ ਨਾਲੋਂ ਵਧੇਰੇ ਉਛਾਲ ਵੀ ਦਰਜ ਹੋਇਆ ਅਤੇ ਕੁਝ ਵਿਚ ਨਿਘਾਰ ਵੀ ਦਰਜ ਕੀਤਾ ਗਿਆ।੍ਰਏਨਟਓਲਸ.ਚਓ ਦੀ ਅਸੋਸੀਏਟੇ ਡਾਇਰੈਕਟਰ ਔਫ਼ ਕਮਿਊਨੀਕੇਸ਼ਨਜ਼, ਜਿਆਕੋਮੋ ਲੈਡਸ ਨੇ ਕਿਹਾ, ਅਸੀਂ ਕੀ ਦੇਖ ਰਹੇ ਹਾਂ ਕਿ ਜਿਹੜੇ ਸੂਬੇ ਕਿਰਾਇਆਂ ਪੱਖੋਂ ਸਭ ਤੋਂ ਵੱਧ ਸਸਤੇ ਹਨ, ਉਨ੍ਹਾਂ ਵਿਚ ਕਿਰਾਏ ਸਭ ਤੋਂ ਤੇਜ਼ੀ ਨਾਲ ਵਧ ਰਹੇ ਹਨ। ਇਸ ਦੇ ਉਲਟ, ਓਨਟੇਰਿਓ ਅਤੇ ਬੀਸੀ ਹੀ ਦੋ ਸੂਬੇ ਹਨ ਜਿੱਥੇ ਸਾਲ-ਦਰ-ਸਾਲ ਪੱਧਰ ‘ਤੇ ਕਿਰਾਇਆਂ ਵਿਚ ਕਮੀ ਦਰਜ ਹੋਈ। ਜਿਆਕੋਮੋ ਨੇ ਕਿਹਾ ਕਿ ਇਨ੍ਹਾਂ ਦੋ ਸੂਬਿਆਂ ਵਿਚ ਕੋਈ ਵੀ ਛੇਤੀ ਕਿਤੇ ਕਿਰਾਏ ਘਟਣ ਦੀ ਉਮੀਦ ਨਹੀਂ ਕਰਦਾ। ਵੈਨਕੂਵਰ ਵਿੱਚ ਪਿਛਲੇ ਸਾਲ ਨਾਲੋਂ ਕਿਰਾਏ ਵਿੱਚ ਲਗਭਗ ਸੱਤ ਪ੍ਰਤੀਸ਼ਤ ਦੀ ਕਮੀ ਆਈ ਹੈ, ਅਤੇ ਟੋਰੌਂਟੋ ਵਿਚ ਪ੍ਰਾਪਰਟੀ ਮਾਰਕੀਟ ਵਿਚ ਕਾਂਡੋ ਯੂਨਿਟਾਂ ਦੀ ਉਪਲਬਧਤਾ ਕਰਕੇ ਕਿਰਾਏ ਵਿੱਚ ਪੰਜ ਪ੍ਰਤੀਸ਼ਤ ਦੀ ਗਿਰਾਵਟ ਦਰਜ ਕੀਤੀ ਗਈ।ਦੂਜੇ ਪਾਸੇ ਹੈਲੀਫੈਕਸ ‘ਚ 18.2 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਅਤੇ ਸਸਕਾਟੂਨ, ਐਡਮੰਟਨ ਅਤੇ ਰੇਜਾਈਨਾ ਵਰਗੇ ਪ੍ਰੇਰੀ ਸ਼ਹਿਰਾਂ ‘ਚ ਵੀ ਕਿਰਾਇਆਂ ਦੀ ਦਰ ਵਿਚ ਦੋਹਰੇ ਅੰਕਾਂ ਦਾ ਵਾਧਾ ਦੇਖਣ ਨੂੰ ਮਿਲਿਆ।ਕੈਲਗਰੀ ਦੇ ਆਲੇ-ਦੁਆਲੇ ਦੇ ਛੋਟੇ ਸ਼ਹਿਰਾਂ ਵਿਚ ਵੀ ਕਿਰਾਇਆਂ ਵਿਚ ਤੇਜ਼ੀ ਦਰਜ ਹੋਈ। ਜਿਆਕੋਮੋ ਅਨੁਸਾਰ ਲੋਇਡਮਿਨਸਟਰ ਅਤੇ ਲੈਥਬ੍ਰਿਜ ਵਰਗੇ ਸ਼ਹਿਰਾਂ ਦੇ ਕਿਰਾਏ ਵਿਚ 20% ਵਾਧਾ ਦਰਜ ਹੋਇਆ ਹੈ। ਸਸਕੈਚਵਨ ਵਿਚ ਕਿਰਾਏ ਦੇਸ਼ ਵਿੱਚ ਸਭ ਤੋਂ ਤੇਜ਼ੀ ਨਾਲ ਵੱਧ ਰਹੇ ਹਨ। ਕਾਂਡੋਮੀਨੀਅਮ ਅਪਾਰਟਮੈਂਟਾਂ ਅਤੇ ਕਿਰਾਏ ਲਈ ਬਣਾਏ ਯੂਨਿਟਾਂ ਲਈ ਸਸਕੈਚਵਨ ਵਿਚ ਕਿਰਾਏ 22.2 ਪ੍ਰਤੀਸ਼ਤ ਦੀ ਸਾਲਾਨਾ ਦਰ ਨਾਲ ਵਧੇ ਹਨ। ਪਰ ਕੈਨੇਡਾ ਭਰ ਵਿੱਚ ਔਸਤ ਕਿਰਾਇਆ ਅਜੇ ਵੀ ਸਸਕੈਚਵਨ ਨਾਲੋਂ 38% ਵੱਧ ਹੈ।

# ਬੈਂਕ ਆਫ਼ ਕੈਨੇਡਾ ਨੇ ਵਿਆਜ਼ ਦਰਾਂ ‘ਚ ਕਟੌਤੀ ਤੋਂ ਬਾਅਦ ਘਰਾਂ ਦੀਆਂ ਕੀਮਤਾਂ ਵਧਣ ਦਾ ਖਦਸ਼ਾ ਜਤਾਇਆ



ਸਰੀ- ਬੈਂਕ ਆਫ ਕੈਨੇਡਾ ਵੱਲੋਂ ਪਿਛਲੇ ਦੋ ਮਹੀਨੇ ਤੋਂ ਲਗਾਤਾਰ ਪੁਆਇੰਟ 25 ਫੀਸਦੀ ਦੀ ਦਰ ਨਾਲ ਵਿਆਜ ਦਰਾਂ ਘਟਾਈਆਂ ਗਈਆਂ ਪਰ ਹੁਣ ਬੈਂਕ ਆਫ ਕੈਨੇਡਾ ਵੱਲੋਂ ਘਰਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਣ ਬਾਰੇ ਚਿੰਤਾ ਪ੍ਰਗਟ ਕੀਤੀ ਗਈ ਹੈ ਜੁਲਾਈ 24 ਦੀ ਮੀਟਿੰਗ ਤੋਂ ਬਾਅਦ ਕੀਤੇ ਗਏ ਵਿਚਾਰ ਵਟਾਂਦਰੇ ਵਿੱਚ ਬੈਂਕਾਫ ਕੈਨੇਡਾ ਨੇ ਚਿੰਤਾ ਜਾਹਿਰ ਕੀਤੀ ਹੈ ਕਿ ਵਿਆਜ ਦਰਾਂ ਵਿੱਚ ਕਟੌਤੀ ਹੋਣ ਤੋਂ ਬਾਅਦ ਹੁਣ ਘਰਾਂ ਦੀਆਂ ਕੀਮਤਾਂ ਵਿੱਚ ਉਛਾਲ ਦੇਖਣ ਨੂੰ ਮਿਲ ਸਕਦਾ ਗਵਰਨਿੰਗ ਕੌਂਸਲ ਨੇ ਮੰਨਿਆ ਕਿ ਗਿਰਵੀ ਦਰਾਂ ਵਿੱਚ ਗਿਰਾਵਟ ਜਾਂ ਉਮੀਦ ਤੋਂ ਵੱਧ ਆਬਾਦੀ ਵਾਧਾ ਹਾਊਸਿੰਗ ਮਾਰਕੀਟ ਵਿੱਚ ਮੰਗ ਨੂੰ ਵਧਾ ਸਕਦਾ ਹੈ, ਅਤੇ ਘਰ ਬਣਾਉਣ ਵਿੱਚ ਦੇਰੀ ਸਪਲਾਈ ਦੇ ਵਾਧੇ ਨੂੰ ਸੀਮਤ ਕਰ ਸਕਦੀ ਹੈ। ਜੂਨ ਅਤੇ ਜੁਲਾਈ ਮਹੀਨੇ ਬੈਂਕ ਆਫ ਕੈਨੇਡਾ ਵੱਲੋਂ ਵਿਆਜ ਦਰਾਂ ਵਿੱਚ ਕੀਤੀ ਗਈ ਕਟੌਤੀ ਦੀ ਪ੍ਰਤੀਕਿਰਿਆ ਹਾਊਸਿੰਗ ਮਾਰਕੀਟ ਵਿੱਚ ਦੇਖਣ ਨੂੰ ਨਹੀਂ ਮਿਲੀ ਜਿਸ ਕਾਰਨ ਗਵਰਨਿੰਗ ਕਮੇਟੀ ਨੇ ਚਿੰਤਾ ਪ੍ਰਗਟਾਈ ਹੈ ਕਿ ਹਾਊਸਿੰਗ ਮਾਰਕੀਟ ਵਿੱਚ ਤੇਜ਼ੀ ਨਾਲ ਵਾਧਾ ਹੋ ਸਕਦਾ ਹੈ। ਇਸ ਦੇ ਨਾਲ ਹੀ ਗਵਰਨਰ ਕਮੇਟੀ ਨੇ ਇਹ ਵੀ ਚਿੰਤਾ ਜਾਹਿਰ ਕੀਤੀ ਹੈ ਕਿ ਜੇਕਰ ਅਗਲੇ ਸਾਲ ਤੱਕ ਕਨੇਡਾ ਵਿੱਚ ਹਾਊਸਿੰਗ ਸੰਕਟ ਇਸੇ ਤਰ੍ਹਾਂ ਬਣਿਆ ਰਿਹਾ ਤਾਂ ਕਿਰਾਏਦਾਰਾਂ ਦੀਆਂ ਚੁਣੌਤੀਆਂ ਹੋਰ ਵੱਧ ਸਕਦੀਆਂ ਹਨ ਯਾਨੀ ਕਿ ਕਿਰਾਏਦਾਰਾਂ ਨੂੰ ਕਿਰਾਇਆਂ ਵਿੱਚ ਵਾਧੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। 24 ਜੁਲਾਈ ਦੀ ਮੀਟਿੰਗ ਤੋਂ ਬਾਅਦ ਮਾਹਰਾਂ ਨੇ ਬੈਂਕ ਆਫ਼ ਕੈਨੇਡਾ ਦੇ ਵਿਚਾਰਾਂ ਵਿੱਚ ਇੱਕ ਤਬਦੀਲੀ ਨੋਟ ਕੀਤੀ ਹੈ, ਜੋ ਇਸ ਡਰ ‘ਤੇ ਵੱਧ ਕੇ ਕੇਂਦਰਿਤ ਹੈ ਕਿ ਮਹਿੰਗਾਈ ਦੋ ਪ੍ਰਤੀਸ਼ਤ ਬਹੁਤੀ ਜਲਦੀ ਨਹੀਂ ਆਉਣ ਵਾਲੀ ਅਤੇ ਇਸ ਲਈ ਲੰਬਾ ਇੰਤਜ਼ਾਰ ਕਰਨਾ ਪੈ ਸਕਦਾ ਹੈ। ਗਵਰਨਿੰਗ ਕੌਂਸਲ ਦੇ ਵਿਚਾਰ-ਵਟਾਂਦਰੇ ਵਿੱਚ ਵੀ ਇਹ ਚਿੰਤਾਵਾਂ ਪ੍ਰਮੁੱਖ ਹਨ। ਭੌਅਤੇ ਛੀਭਛ ਦੋਵੇਂ 2024 ਵਿੱਚ ਦਰਾਂ ਵਿੱਚ 75 ਬੇਸਿਸ ਪੁਆਇੰਟ ਦੀ ਕਟੌਤੀ ਕਰਨ ਦੀ ਮੰਗ ਕਰ ਰਹੇ ਹਨ ਹੋ ਕਿ ਇਸ ਸਾਲ ਦੇ ਅਗਲੇ ਆਉਣ ਵਾਲੇ ਫੈਸਲਿਆਂ ‘ਚ ਇੱਕ ਚੌਥਾਈ ਪੁਆਇੰਟ ਦੀ ਕਟੌਤੀ ਕੀਤੇ ਜਾਣ ਦੀ ਉਮੀਦ ਹੈ। ਬੈਂਕ ਆਫ ਕੈਨੇਡਾ ਦਾ ਅਗਲਾ ਵਿਆਜ ਦਰ ਸਬੰਧੀ ਫੈਸਲਾ 4 ਸਤੰਬਰ ਲਈ ਤੈਅ ਕੀਤਾ ਗਿਆ ਹੈ।

# 8 ਮਹੀਨੇ ਪਹਿਲਾਂ ਕੈਨੇਡਾ ਪੁੱਜੇ ਭਾਰਤੀ ਵਿਦਿਆਰਥੀ ਨਾਲ ਵਾਪਰੀ ਅਣਹੋਣੀ

ਟੋਰਾਂਟੋ- ਕੈਨੇਡਾ ਤੋਂ ਦੁੱਖਦਾਇਕ ਖ਼ਬਰ ਸਾਹਮਣੇ ਆਈ ਹੈ। ਕੈਨੇਡਾ ‘ਚ ਕਰਨਾਲ ਦੇ ਨੌਮਿਤ ਗੋਸਵਾਮੀ (20) ਦੀ ਪੂਲ ਪਾਰਟੀ ਦੌਰਾਨ ਸਵੀਮਿੰਗ ਪੂਲ ‘ਚ ਨਹਾਉਂਦੇ ਸਮੇਂ ਡੁੱਬਣ ਕਾਰਨ ਮੌਤ ਹੋ ਗਈ। 8 ਮਹੀਨੇ ਪਹਿਲਾਂ ਪਿਤਾ ਨੇ ਆਪਣਾ ਪਲਾਟ ਵੇਚ ਕੇ ਬੇਟੇ ਨੂੰ ਸਟੱਡੀ ਵੀਜ਼ੇ ‘ਤੇ ਕੈਨੇਡਾ ਭੇਜਿਆ ਸੀ। ਉਹ ਓਂਟਾਰੀਓ ਸਿਟੀ ਵਿੱਚ ਹੋਟਲ ਮੈਨੇਜਮੈਂਟ ਦਾ ਕੋਰਸ ਕਰ ਰਿਹਾ ਸੀ ਅਤੇ ਪੜ੍ਹਾਈ ਦੌਰਾਨ ਉਹ ਇੱਕ ਰੈਸਟੋਰੈਂਟ ਵਿੱਚ ਕੰਮ ਵੀ ਕਰਦਾ ਸੀ। 11 ਅਗਸਤ ਦੀ ਰਾਤ ਨੂੰ ਨੌਮਿਤ ਪੁੱਤਰ ਸੁਭਾਸ਼ ਕੈਨੇਡਾ ‘ਚ ਆਪਣੇ ਇਕ ਦੋਸਤ ਦੀ ਪੂਲ ਪਾਰਟੀ ‘ਚ ਗਿਆ ਸੀ। ਪਰਿਵਾਰਕ ਮੈਂਬਰਾਂ ਅਨੁਸਾਰ ਰਾਤ ਕਰੀਬ 8.30 ਵਜੇ ਨੌਮਿਤ ਇਕੱਲਾ ਹੀ ਸਵੀਮਿੰਗ ਪੂਲ ਵਿਚ ਨਹਾਉਣ ਗਿਆ ਸੀ।ਸ਼ੁਰੂ ਵਿੱਚ ਉਹ ਘੱਟ ਡੂੰਘਾਈ ਵਿੱਚ ਸੀ ਪਰ ਅਚਾਨਕ ਉਹ ਡੂੰਘਾਈ ਵਿੱਚ ਪਹੁੰਚ ਗਿਆ। ਘਟਨਾ ਸਮੇਂ ਉਸ ਦੇ ਹੋਰ ਦੋਸਤ ਹਾਲ ਦੇ ਅੰਦਰ ਇੱਕ ਪਾਰਟੀ ਵਿੱਚ ਸਨ। ਇੱਕ ਦੋਸਤ ਦਾ ਧਿਆਨ ਨੌਮਿਤ ਤੇ ਪਿਆ। ਨੌਮਿਤ ਪਾਣੀ ਵਿੱਚ ਡੁੱਬ ਗਿਆ ਸੀ। ਜਿਸ ਤੋਂ ਬਾਅਦ ਉਸ ਦੇ ਦੋਸਤਾਂ ਨੇ ਪਾਣੀ ਵਿੱਚ ਛਾਲ ਮਾਰ ਕੇ ਉਸ ਨੂੰ ਬਾਹਰ ਕੱਢਿਆ। ਐਂਬੂਲੈਂਸ ਵੀ ਤੁਰੰਤ ਪਹੁੰਚ ਗਈ। ਐਂਬੂਲੈਂਸ ‘ਚ ਹੀ ਨੌਮਿਤ ਨੂੰ ਸੀ.ਪੀ.ਆਰ. ਦਿੱਤੀ ਗਈ ਤਾਂ ਉਸ ਦੇ ਢਿੱਡ ‘ਚੋਂ ਪਾਣੀ ਨਿਕਲਿਆ ਪਰ ਉਸ ਦੇ ਸਰੀਰ ‘ਚ ਕੋਈ ਹਿੱਲਜੁਲ ਨਹੀਂ ਹੋਈ, ਜਿਸ ਕਾਰਨ ਨੌਮਿਤ ਦੀ ਮੌਕੇ ‘ਤੇ ਹੀ ਮੌਤ ਹੋ ਗਈ। ਨੌਮਿਤ ਦੇ ਇਕ ਰਿਸ਼ਤੇਦਾਰ ਨੇ ਦੱਸਿਆ ਕਿ ਪਰਿਵਾਰ ਨੇ ਆਪਣਾ ਪਲਾਟ ਵੇਚ ਕੇ ਨੌਮਿਤ ਨੂੰ ਕੈਨੇਡਾ ਭੇਜਿਆ ਸੀ ਅਤੇ ਕਰੀਬ 23 ਲੱਖ ਰੁਪਏ ਖਰਚ ਕੀਤੇ ਸਨ। ਕਰੀਬ ਡੇਢ ਮਹੀਨਾ ਪਹਿਲਾਂ ਨੌਮਿਤ ਨੂੰ ਓਂਟਾਰੀਓ ਦੇ ਇੱਕ ਰੈਸਟੋਰੈਂਟ ਵਿੱਚ ਨੌਕਰੀ ਵੀ ਮਿਲ ਗਈ ਸੀ। ਉਹ ਪੜ੍ਹਾਈ ਦੇ ਨਾਲ-ਨਾਲ ਕੰਮ ਵੀ ਕਰ ਰਿਹਾ ਸੀ।ਪਰਿਵਾਰਕ ਮੈਂਬਰਾਂ ਅਨੁਸਾਰ ਨੌਮਿਤ ਦੇ ਪਿਤਾ ਸਾਬਣ ਫੈਕਟਰੀ ਵਿੱਚ ਸੇਲਜ਼ਮੈਨ ਵਜੋਂ ਕੰਮ ਕਰਦੇ ਹਨ। ਨੌਮਿਤ ਦਾ ਛੋਟਾ ਭਰਾ ਗਗਨ ਕਰਨਾਲ ਵਿੱਚ 10ਵੀਂ ਜਮਾਤ ਦਾ ਵਿਦਿਆਰਥੀ ਹੈ। 12 ਅਗਸਤ ਨੂੰ ਜਦੋਂ ਕੈਨੇਡਾ ਤੋਂ ਇੱਕ ਦੂਰ ਦੇ ਰਿਸ਼ਤੇਦਾਰ ਨੇ ਨੌਮਿਤ ਦੀ ਮੌਤ ਦੀ ਸੂਚਨਾ ਦਿੱਤੀ ਤਾਂ ਪਰਿਵਾਰ ਵਿੱਚ ਸੋਗ ਦੀ ਲਹਿਰ ਦੌੜ ਗਈ।



# ਪ੍ਰਵਾਸੀਆਂ ਨੂੰ ਹੱਕ ਦਿਵਾਉਣ ਚ ਅਸਫਲ ਰਹੇ ਟਰੂਡੋ

ਓਟਾਵਾ: ਦੁਨੀਆ ਵਿੱਚ ਮਨੁੱਖੀ ਅਧਿਕਾਰਾਂ ਵਿੱਚ ਮੋਹਰੀ ਹੋਣ ਦਾ ਦਾਅਵਾ ਕਰਨ ਵਾਲੇ ਕੈਨੇਡਾ ਦਾ ਪਰਦਾਫਾਸ਼ ਹੋਇਆ ਹੈ। ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਵਿੱਚ ਕੈਨੇਡਾ ਵਿੱਚ ਅਸਥਾਈ ਵਿਦੇਸ਼ੀ ਵਰਕਰ ਪ੍ਰੋਗਰਾਮ (TFWP) ਨੂੰ ਆਧੁਨਿਕ ਗ਼ੁਲਾਮੀ ਲਈ ਇੱਕ ਪ੍ਰਜਨਨ ਆਧਾਰ ਦੱਸਿਆ ਗਿਆ ਹੈ। ਇਹ ਪ੍ਰੋਗਰਾਮ ਖੇਤੀਬਾੜੀ ਅਤੇ ਦੇਖਭਾਲ ਵਰਗੇ ਖੇਤਰਾਂ ਵਿੱਚ ਮਜ਼ਦੂਰਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਹੈ। ਹਾਲਾਂਕਿ ਇਹ ਸਿੱਧੇ ਤੌਰ ਤੇ ਕਾਮਿਆਂ ਦੇ ਕੈਨੇਡਾ ਵਿੱਚ ਰਹਿਣ ਅਤੇ ਕੰਮ ਕਰਨ ਦੇ ਕਾਨੂੰਨੀ ਅਧਿਕਾਰ ਨੂੰ ਉਨ੍ਹਾਂ ਦੇ ਮਾਲਕਾਂ ਨਾਲ ਜੋੜਦਾ ਹੈ। ਰੁਜ਼ਗਾਰਦਾਤਾ ਉਹ ਹੁੰਦਾ ਹੈ ਜਿਸ ਨੇ ਕਿਸੇ ਵਿਅਕਤੀ ਨੂੰ ਨੌਕਰੀ ਤੇ ਰੱਖਿਆ ਹੋਵੇ। ਕੈਨੇਡਾ ਵਿਚ ਆਰਜ਼ੀ ਵਿਦੇਸ਼ੀ ਕਾਮਿਆਂ ਨੂੰ ਆਧੁਨਿਕ ਦੌਰ ਦਾ ਗੁਲਾਮ ਬਣਾਇਆ ਜਾ ਰਿਹਾ ਹੈ ਅਤੇ ਜ਼ਿਆਦਾਤਰ ਕਿਰਤੀਆਂ ਦੀ ਜ਼ਿੰਦਗੀ ਨਰਕ ਬਣ ਚੁੱਕੀ ਹੈ। ਇਹ ਹੈਰਾਨਕੁੰਨ ਟਿੱਪਣੀ ਸੰਯੁਕਤ ਰਾਸ਼ਟਰ ਵੱਲੋਂ ਟੈਂਪਰੇਰੀ ਫੌਰਨ ਵਰਕਰ ਪ੍ਰੋਗਰਾਮ ਬਾਰੇ ਕੀਤੀ ਹੈ ਜਿਨ੍ਹਾਂ ਨੂੰ ਨਾ ਸਿਰਫ ਸਰੀਰਕ ਅਤੇ ਮਾਨਸਿਕ ਤਸੀਹੇ ਬਰਦਾਸ਼ਤ ਕਰਨੇ ਪੈ ਰਹੇ ਹਨ ਸਗੋਂ ਮਾਲਕ ਤਨਖਾਹਾਂ ਦੇਣ ਤੋਂ ਵੀ ਸਾਫ ਮੁੱਕਰ ਜਾਂਦੇ ਹਨ। ਰੁਜ਼ਗਾਰਦਾਤਾ-ਵਿਸ਼ੇਸ਼ ਪ੍ਰਬੰਧ ਸ਼ਕਤੀ ਦਾ ਮਹੱਤਵਪੂਰਨ ਅਸੰਤੁਲਨ ਪੈਦਾ ਕਰਦੇ ਹਨ। ਇਹ ਕਾਮਿਆਂ ਲਈ ਸ਼ੋਸ਼ਣ ਜਾਂ ਦੁਰਵਿਵਹਾਰ ਦੀ ਰਿਪੋਰਟ ਕਰਨਾ ਮੁਸ਼ਕਲ ਬਣਾਉਂਦਾ ਹੈ ਕਿਉਂਕਿ ਉਹ ਦੇਸ਼ ਨਿਕਾਲੇ ਤੋਂ ਡਰਦੇ ਹਨ। ਕੈਨੇਡਾ ਵਿੱਚ ਘੱਟ ਤਨਖ਼ਾਹ ਵਾਲੇ ਅਸਥਾਈ ਵਿਦੇਸ਼ੀ ਕਾਮਿਆਂ ਦੀ ਸੰਖਿਆ 2016 ਵਿੱਚ 15,817 ਸੀ ਜੋ ਤੋਂ 2023 ਵਿੱਚ ਵਧ ਕੇ 83,654 ਹੋ ਗਈ ਹੈ। TFWP ਦੇ ਅਧੀਨ ਪ੍ਰਵਾਸੀ ਕਾਮੇ ਅਕਸਰ ਕੰਮ ਦੇ ਮਾੜੇ ਹਾਲਾਤ, ਸਿਹਤ ਦੇਖ-ਰੇਖ ਤੱਕ ਸੀਮਤ ਪਹੁੰਚ ਅਤੇ ਬਹੁਤ ਘੱਟ ਕਾਨੂੰਨੀ ਸੁਰੱਖਿਆ ਦੇ ਅਧੀਨ ਹੁੰਦੇ ਹਨ। ਸੰਯੁਕਤ ਰਾਸ਼ਟਰ ਨੇ ਕਿਹਾ ਹੈ ਕਿ ਆਰਜ਼ੀ ਵਿਦੇਸ਼ੀ ਕਾਮਿਆਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਜਾਣੂ ਕਰਵਾਉਣਾ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਪਰ ਸੰਭਾਵਤ ਤੌਰ ’ਤੇ ਇਸ ਕੰਮ ਵਿਚ ਅਣਗਹਿਲੀ ਵਰਤੀ ਜਾ ਰਹੀ ਹੈ। ਰਿਪੋਰਟ ਕਹਿੰਦੀ ਹੈ ਕਿ ਵਿਦੇਸ਼ੀ ਕਾਮਿਆਂ ਨਾਲ ਬੇਹੱਦ ਮੰਦੀ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਸੈਕਸ਼ੂਅਲ ਹੈਰਾਸਮੈਂਟ ਦੀਆਂ ਸ਼ਿਕਾਇਤਾਂ ਵੀ ਸਾਹਮਣੇ ਆ ਰਹੀਆਂ ਹਨ।



**ਕਿਹੜੀਆਂ ਕਮੀਆਂ ਆਈਆਂ ਸਾਹਮਣੇ**

ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਪ੍ਰੀਸ਼ਦ ਦੀ ਸਪੈਸ਼ਲ ਰਿਪੋਰਟਰ ਆਨ ਕੰਟੈਂਪਰਰੀ ਫਾਰਮਸ ਆਫ ਸਲੇਵਰੀ ਰਿਪੋਰਟ ਵਿੱਚ ਸੰਯੁਕਤ ਰਾਸ਼ਟਰ ਦੇ ਜਾਂਚਕਾਰ ਟੋਮੋਯਾ ਓਬੋਕਾਟਾ ਨੇ ਕਿਹਾ ਕਿ ਪ੍ਰੋਗਰਾਮ ਦਾ ਢਾਂਚਾ ਮਜ਼ਦੂਰਾਂ ਨੂੰ ਆਪਣੇ ਮਾਲਕਾਂ ਨੂੰ ਸੁਤੰਤਰ ਰੂਪ ਵਿੱਚ ਬਦਲਣ ਤੋਂ ਰੋਕਦਾ ਹੈ ਅਤੇ ਉਨ੍ਹਾਂ ਨੂੰ ਸ਼ੋਸ਼ਣ ਦੀਆਂ ਸਥਿਤੀਆਂ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਫਸਾਉਂਦਾ ਹੈ। ਇਹ ਉਦੋਂ ਹੋਰ ਵੀ ਵੱਧ ਜਾਂਦਾ ਹੈ ਜਦੋਂ ਉਨ੍ਹਾਂ ਨੂੰ ਕਿਸੇ ਤੀਜੀ ਧਿਰ ਤੋਂ ਕਰਜ਼ਾ ਲੈਣਾ ਪੈਂਦਾ ਹੈ। ਅਜਿਹੀ ਸਥਿਤੀ ਵਿਚ ਉਹ ਕਿਸੇ ਵੀ ਕੀਮਤ ਤੇ ਆਪਣੀ ਨੌਕਰੀ ਬਰਕਰਾਰ ਰੱਖਣ ਲਈ ਬੇਤਾਬ ਹੋ ਜਾਂਦਾ ਹੈ। ਰਿਪੋਰਟ ਵਿੱਚ ਅੱਗੇ ਕਿਹਾ ਗਿਆ ਹੈ ਕਿ ਫੈਡਰਲ ਸੈਟਲਮੈਂਟ ਸਰਵਿਸ ਤੱਕ ਪਹੁੰਚ ਦੀ ਘਾਟ ਕਾਰਨ ਪ੍ਰਵਾਸੀ ਅਕਸਰ ਆਪਣੇ ਅਧਿਕਾਰਾਂ ਤੋਂ ਅਣਜਾਣ ਹੁੰਦੇ ਹਨ।

ਰਿਪੋਰਟ ਵਿੱਚ ਅੱਗੇ ਕਿਹਾ ਗਿਆ ਹੈ ਕਿ ਬਹੁਤ ਸਾਰੇ ਲੋਕ ਸਹਾਇਤਾ ਪ੍ਰਦਾਨ ਕਰਨ ਵਾਲੀਆਂ ਸਿਵਲ ਸੋਸਾਇਟੀ ਸੰਸਥਾਵਾਂ ਤੋਂ ਅਲੱਗ ਹੋ ਗਏ ਹਨ, ਉਨ੍ਹਾਂ ਨੂੰ ਉਨ੍ਹਾਂ ਦੇ ਮਾਲਕਾਂ ਦੇ ਰਹਿਮ ਤੇ ਛੱਡ ਦਿੱਤਾ ਗਿਆ ਹੈ। ਵਿਆਪਕ ਨਿਗਰਾਨੀ ਅਤੇ ਲਾਗੂ ਕਰਨ ਦੀ ਘਾਟ ਕਾਰਨ ਸਥਿਤੀ ਹੋਰ ਬਦਤਰ ਹੋ ਗਈ ਹੈ। ਰਿਪੋਰਟ ਦਰਸਾਉਂਦੀ ਹੈ ਕਿ ਨਿਰੀਖਣਾਂ ਦਾ ਇੱਕ ਮਹੱਤਵਪੂਰਨ ਹਿੱਸਾ ਵਰਚੁਅਲ ਹੁੰਦਾ ਹੈ ਅਤੇ ਹੈਰਾਨੀਜਨਕ ਨਿਰੀਖਣ ਬਹੁਤ ਘੱਟ ਹੁੰਦੇ ਹਨ।

# ਸੁਖਬੀਰ ਨੂੰ ਪ੍ਰਧਾਨਗੀ ਤੋਂ ਲਾਂਭੇ ਕਰਨ ਲਈ ਮੁੜ ਅਕਾਲ ਤਖ਼ਤ ਪੁੱਜਿਆ ਬਾ.ਗੀ ਧੜਾ



ਅੰਮ੍ਰਿਤਸਰ- ਸ਼੍ਰੋਮਣੀ ਅਕਾਲੀ ਦਲ ਦੇ ਨਾਰਾਜ਼ ਧੜੇ ਨਾਲ ਸਬੰਧਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਅਤੇ ਪੰਥਕ ਆਗੂਆਂ ਨੇ ਅੱਜ ਇੱਥੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਮੰਗ ਪੱਤਰ ਸੌਂਪ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਕਈ ਬੱਜਰ ਗੁਨਾਹ ਕਰਨ ਦਾ ਦੋਸ਼ ਲਾਇਆ ਤੇ ਉਨ੍ਹਾਂ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਲਾਂਭੇ ਕਰਨ ਦੀ ਮੰਗ ਕੀਤੀ।ਅਕਾਲ ਤਖ਼ਤ ਸਕੱਤਰੇਤ 'ਤੇ ਜਥੇਦਾਰ ਨੂੰ ਮੰਗ ਪੱਤਰ ਸੌਂਪਣ ਵਾਲਿਆਂ 'ਚ ਭਾਈ ਮਨਜੀਤ ਸਿੰਘ, ਕਰਨੈਲ ਸਿੰਘ ਪੰਜੌਲੀ, ਨਿਰਵੈਲ ਸਿੰਘ ਜੌਹਲਾਂ, ਰਾਮਪਾਲ ਸਿੰਘ ਬਹਿਣੀਵਾਲ, ਮਲਕੀਤ ਸਿੰਘ ਚੰਗਾਲ, ਪਰਮਜੀਤ ਕੌਰ ਲਾਂਡਰਾਂ, ਹਰਦੇਵ ਸਿੰਘ, ਸੁਰਿੰਦਰ ਸਿੰਘ ਆਦਿ ਸ਼ਾਮਲ ਸਨ। ਇਨ੍ਹਾਂ ਨੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਚਾਰ ਸਫਿਆਂ ਦਾ ਇੱਕ ਪੱਤਰ ਸੌਂਪਿਆ ਹੈ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਨਾਰਾਜ਼ ਧੜੇ ਦੇ ਆਗੂ ਵੀ ਅਜਿਹਾ ਹੀ ਪੱਤਰ ਜਥੇਦਾਰ ਨੂੰ ਸੌਂਪ ਚੁੱਕੇ ਹਨ, ਜਿਸ ਮਗਰੋਂ ਸੁਖਬੀਰ ਸਿੰਘ ਬਾਦਲ ਕੋਲੋਂ ਸਪੱਸ਼ਟੀਕਰਨ ਮੰਗਿਆ ਗਿਆ ਸੀ।ਮੰਗ ਪੱਤਰ 'ਚ ਸਿੱਖ ਆਗੂਆਂ ਨੇ ਆਖਿਆ ਕਿ ਲੰਘੇ ਸਮੇਂ ਦੌਰਾਨ ਵਾਪਰੀਆਂ ਘਟਨਾਵਾਂ ਕਾਰਨ ਦੇਸ਼-ਵਿਦੇਸ਼ 'ਚ ਸਿੱਖ ਸੰਗਤ ਦਾ ਸ਼੍ਰੋਮਣੀ ਅਕਾਲੀ ਦਲ ਅਤੇ ਖਾਸ ਕਰਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੋਂ ਭਰੋਸਾ ਉੱਠ ਚੁੱਕਾ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧ 'ਚ ਕਈ ਨਵੇਂ ਸਬੂਤ ਵੀ ਸਾਹਮਣੇ ਆਏ ਹਨ, ਜਿਨ੍ਹਾਂ ਦੀ ਪੜਤਾਲ ਕਰਕੇ ਕਥਿਤ ਬੱਜਰ ਗੁਨਾਹਾਂ ਬਦਲੇ ਸੁਖਬੀਰ ਬਾਦਲ ਨੂੰ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਫਾਰਗ ਕਰਦਿਆਂ ਸਖਤ ਸਜ਼ਾ ਦੇ ਕੇ ਲੋਕ ਸੇਵਾ ਦੇ ਕੰਮਾਂ ਤੋਂ ਦੂਰ ਕੀਤਾ ਜਾਵੇ। ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਇਸ ਪੱਤਰ ਵਿੱਚ ਡੇਰਾ ਸਿਰਸਾ ਮੁਖੀ ਵੱਲੋਂ ਗੁਰੂ ਸਾਹਿਬ ਦੀ ਨਕਲ ਕਰਨ ਦੇ ਮਾਮਲੇ ਦਾ ਜ਼ਿਕਰ ਕੀਤਾ ਹੈ, ਜਿਸ ਖ਼ਿਲਾਫ਼ ਪੁਲੀਸ ਕੇਸ ਦਰਜ ਹੋਇਆ ਪਰ ਕੇਸ ਰੱਦ ਕਰ ਦਿੱਤਾ ਗਿਆ। ਆਗੂਆਂ ਮੁਤਾਬਕ ਸ੍ਰੀ ਅਕਾਲ ਤਖਤ ਵੱਲੋਂ ਡੇਰਾ ਸਿਰਸਾ ਨਾਲ ਕੋਈ ਸਬੰਧ ਨਾ ਰੱਖਣ ਦਾ ਹੁਕਮ ਹੋਇਆ ਸੀ ਪਰ ਉਸ ਦੇ ਬਾਵਜੂਦ 2017 ਵਿੱਚ ਵੋਟਾਂ ਲੈਣ ਵਾਸਤੇ ਡੇਰੇ ਦੇ ਅਹੁਦੇਦਾਰਾਂ ਨਾਲ ਮੀਟਿੰਗਾਂ ਕੀਤੀਆਂ ਗਈਆਂ। ਹੁਕਮਨਾਮੇ ਦੀ ਉਲੰਘਣਾ ਕਰਨਾ ਵੀ ਵੱਡਾ ਗੁਨਾਹ ਹੈ। ਪੱਤਰ 'ਚ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ੀ ਦੇਣ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦਾ ਹਵਾਲਾ ਵੀ ਦਿੱਤਾ ਗਿਆ ਹੈ। ਇਨ੍ਹਾਂ ਮਾਮਲਿਆਂ 'ਚ ਸੁਖਬੀਰ ਸਿੰਘ ਬਾਦਲ ਤੇ ਕਥਿਤ ਤੌਰ ਗਲਤੀਆਂ ਦੇ ਦੋਸ਼ ਲਾਏ ਗਏ ਹਨ। ਸਿੱਖ ਆਗੂਆਂ ਨੇ ਆਖਿਆ ਕਿ ਇਹ ਬੇਹੱਦ ਗੰਭੀਰ ਮਸਲੇ ਹਨ, ਜਿਨ੍ਹਾਂ ਕਾਰਨ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਗਹਿਰੀ ਸੱਟ ਵੱਜੀ ਹੈ ਅਤੇ ਇਸ ਮਾਮਲੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਤੇ ਵੱਕਾਰ ਵੀ ਜੁੜਿਆ ਹੋਇਆ ਹੈ। ਇਸ ਕਰਕੇ ਹੁਣ ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਾਰੀਆਂ ਗਲਤੀਆਂ ਮੰਨ ਚੁੱਕੇ ਹਨ ਤਾਂ ਪੰਥਕ ਪਰੰਪਰਾਵਾਂ ਅਨੁਸਾਰ ਉਸ ਨੂੰ ਸਾਰੀਆਂ ਜ਼ਿੰਮੇਵਾਰੀਆਂ ਤੋਂ ਫਾਰਗ ਕੀਤਾ ਜਾਵੇ।

## ਡੇਰਾ ਮੁਖੀ ਰਾਮ ਰਹੀਮ 21 ਦਿਨਾਂ ਦੀ .ਫਰਲੋ 'ਤੇ ਬਾਹਰ

ਅੰਮ੍ਰਿਤਸਰ- :ਰੋਹਤਕ ਦੀ ਸੁਨਾਰੀਆ ਜੇਲ੍ਹ 'ਚ ਬੰਦ ਰਾਮ ਰਹੀਮ ਅੱਜ ਸਵੇਰੇ ਸਾਢੇ 6 ਵਜੇ ਜ਼ਮਾਨਤ 'ਤੇ ਬਾਹਰ ਆ ਗਿਆ ਹੈ।ਰਾਮ ਰਹੀਮ ਨੂੰ 21 ਦਿਨਾਂ ਦੀ ਪੈਰੋਲ ਮਿਲੀ ਹੈ।ਦੱਸ ਦੇਈਏ ਕਿ ਰਾਮ ਰਹੀਮ ਦੋ ਸਾਧਵੀਆਂ ਦੇ ਜਬਰ ਜਿਨਾਹ ਦੇ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ 2017 ਤੋਂ ਰੋਹਤਕ ਜੇਲ੍ਹ ਵਿੱਚ ਬੰਦ ਹੈ।ਦੱਸਿਆ ਜਾ ਰਿਹਾ ਹੈ ਕਿ ਹੁਣ ਉਹ ਉੱਤਰ ਪ੍ਰਦੇਸ਼ ਦੇ ਬਾਗਪਤ ਸਥਿਤ ਆਸ਼ਰਮ 'ਚ ਰਹਿਣਗੇ। ਰਾਮ ਰਹੀਮ ਨੂੰ ਵੱਡੀ ਰਾਹਤ ਦਿੰਦਿਆਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਵੱਲੋਂ ਦਾਇਰ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ ਹੈ, ਜਿਸ ਵਿੱਚ ਡੇਰਾ ਮੁਖੀ ਨੂੰ ਪੈਰੋਲ ਜਾਂ ਫਰਲੋ 'ਤੇ ਰਿਹਾਅ ਨਾ ਕਰਨ ਦੇ ਨਿਰਦੇਸ਼ਾਂ ਦੀ ਮੰਗ ਕੀਤੀ ਗਈ ਸੀ।ਹਾਈ ਕੋਰਟ ਨੇ ਸਪੱਸ਼ਟ ਕੀਤਾ ਹੈ ਕਿ ਰਾਜ ਸਰਕਾਰ ਅਜਿਹੇ ਮੁੱਦਿਆਂ 'ਤੇ ਫੈਸਲੇ ਲੈਣ ਦੇ ਸਮਰੱਥ ਹੈ। ਦਿਲਚਸਪ ਗੱਲ ਇਹ ਹੈ ਕਿ ਹਰਿਆਣਾ ਸਰਕਾਰ ਪਹਿਲਾਂ ਹੀ ਹਾਈ ਕੋਰਟ ਨੂੰ ਦੱਸ ਚੁੱਕੀ ਹੈ ਕਿ ਡੇਰਾ ਮੁਖੀ ਕਾਨੂੰਨੀ ਵਿਵਸਥਾਵਾਂ ਅਨੁਸਾਰ ਪੈਰੋਲ ਅਤੇ ਫਰਲੋ ਦਾ ਹੱਕਦਾਰ ਹੈ। ਹਾਈ ਕੋਰਟ ਦੇ ਚੀ.ਫ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਅਨਿਲ ਖੇਤਰਪਾਲ ਦੇ ਡਿਵੀਜ਼ਨ ਬੈਂਚ ਨੇ ਡੇਰਾ ਮੁਖੀ ਨੂੰ ਵਾਰ-ਵਾਰ ਫਰਲੋ ਅਤੇ ਪੈਰੋਲ ਦੇਣ ਵਿਰੁੱਧ ਸ਼੍ਰੋਮਣੀ ਕਮੇਟੀ ਦੀ ਪਟੀਸ਼ਨ ਦਾ ਨਿਪਟਾਰਾ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਇਹ ਪਟੀਸ਼ਨ ਪਿਛਲੇ ਸਾਲ ਜਨਵਰੀ ਵਿੱਚ ਦਾਇਰ ਕੀਤੀ ਸੀ ਜਦੋਂ ਡੇਰਾ ਮੁਖੀ ਨੂੰ ਪੰਜਾਹ ਦਿਨਾਂ ਦੀ ਪੈਰੋਲ ਦਿੱਤੀ ਗਈ ਸੀ। ਉਸ ਦੇ ਖਿਲਾਫ ਦਾਇਰ ਪੈਰੋਲ ਦੀ ਮਿਆਦ ਖਤਮ ਹੋ ਗਈ ਹੈ।ਹਾਈਕੋਰਟ ਨੇ ਕਿਹਾ ਕਿ ਸਰਕਾਰ ਨੂੰ ਨਿਯਮਾਂ ਅਨੁਸਾਰ ਡੇਰਾ ਮੁਖੀ ਦੀ ਫਰਲੋ ਅਤੇ ਪੈਰੋਲ 'ਤੇ ਫੈਸਲਾ ਲੈਣਾ ਚਾਹੀਦਾ ਹੈ। ਇਸ ਮਾਮਲੇ 'ਚ ਡੇਰਾ ਮੁਖੀ ਨੇ ਹਾਈਕੋਰਟ ਤੋਂ ਉਸ ਨੂੰ 21 ਦਿਨਾਂ ਦੀ ਫਰਲੋ ਦੇਣ ਦੇ ਨਿਰਦੇਸ਼ ਮੰਗੇ ਸਨ, ਤਾਂ ਜੋ ਉਹ ਇਸ ਸਮੇਂ ਦੌਰਾਨ ਜੇਲ੍ਹ ਤੋਂ ਬਾਹਰ ਰਹਿ ਕੇ ਲੋਕ ਭਲਾਈ ਦੇ ਕੰਮ ਕਰ ਸਕਣ।ਡੇਰਾ ਮੁਖੀ ਨੇ ਕਿਹਾ ਹੈ ਕਿ ਅਧਿਕਾਰੀਆਂ ਨੂੰ ਫਰਲੋ ਦੀ ਅਰਜ਼ੀ ਦਿੱਤੀ ਗਈ ਹੈ ਪਰ ਹਾਈ ਕੋਰਟ ਦੇ 29 ਫਰਵਰੀ ਦੇ ਸਟੇਅ ਆਰਡਰ ਕਾਰਨ ਇਸ ਪਟੀਸ਼ਨ 'ਤੇ ਵਿਚਾਰ ਨਹੀਂ ਕੀਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਵੱਲੋਂ ਦਾਇਰ ਪਟੀਸ਼ਨ ਦੇ ਚੱਲਦਿਆਂ ਮਾਮਲਾ ਹਾਈਕੋਰਟ ਪਹੁੰਚਿਆ ਸੀ।ਪਟੀਸ਼ਨ ਵਿੱਚ ਹਰਿਆਣਾ ਸਰਕਾਰ ਵੱਲੋਂ ਬਲਾਤਕਾਰ ਅਤੇ ਕਤਲ ਕੇਸਾਂ ਵਿੱਚ ਦੋਸ਼ੀ ਠਹਿਰਾਏ ਜਾਣ ਦੇ ਬਾਵਜੂਦ ਡੇਰਾ ਮੁਖੀ ਨੂੰ ਵਾਰ-ਵਾਰ ਪੈਰੋਲ ਜਾਂ ਫਰਲੋ 'ਤੇ ਰਿਹਾਅ ਕਰਨ 'ਤੇ ਇਤਰਾਜ਼ ਉਠਾਇਆ ਗਿਆ ਸੀ।



## ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਦਲੇ ਜਾਣ 'ਤੇ ਜਥੇਦਾਰ ਗਿਆਨੀ ਰਘਬੀਰ ਸਿੰਘ ਦਾ ਬਿਆਨ ਆਇਆ ਸਾਹਮਣੇ

ਚੰਡੀਗੜ੍ਹ - ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਮੁਤਾਬਿਕ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦੇ ਰੰਗ ਠੀਕ ਕਰਨ ਦੇ ਸਬੰਧ 'ਚ ਉਨਾਂ ਦੇ ਹਵਾਲੇ ਨਾਲ ਫ਼ੈਲਾਈਆਂ ਜਾ ਰਹੀਆਂ ਗੁੰਮਰਾਹਕੁੰਨ ਖ਼ਬਰਾਂ ਦਾ ਖੰਡਨ ਕੀਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਲੋਂ ਜਾਰੀ ਲਿਖਤੀ ਬਿਆਨ 'ਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਦੱਸਿਆ ਹੈ ਕਿ ਲੰਘੇ ਦਿਨੀਂ ਇੰਗਲੈਂਡ ਦੌਰੇ ਦੌਰਾਨ ਉਨਾਂ ਨੂੰ ਕੁੱਝ ਸਿੰਘ ਮਿਲੇ ਸਨ ਜਿਨਾਂ ਨੇ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦੇ ਰੰਗ ਸਬੰਧੀ ਸਵਾਲ ਕੀਤੇ। ਇਸ ਦੇ ਸਬੰਧ 'ਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਉਨਾਂ ਸਿੰਘਾਂ ਨੂੰ ਦੱਸਿਆ ਸੀ ਕਿ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਦਲਣ ਸਬੰਧੀ ਪੰਜ ਸਿੰਘ ਸਾਹਿਬਾਨ ਨੇ ਨਵਾਂ ਜਾਂ ਕੋਈ ਵੱਖਰਾ .ਫੈਸਲਾ ਨਹੀਂ ਕੀਤਾ ਬਲਕਿ 1936 ਦੀ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ 'ਚ ਲਿਖਿਆ ਹੈ ਕਿ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਬਸੰਤੀ ਜਾਂ ਸੁਰਮਈ ਰੰਗ ਦੇ ਹੋਣੇ ਚਾਹੀਦੇ ਹਨ। ਇਸ ਕਰਕੇ ਸਿੱਖ ਰਹਿਤ ਮਰਯਾਦਾ ਦੇ ਅਨੁਸਾਰ ਨਿਸ਼ਾਨ ਸਾਹਿਬ ਦਾ ਰੰਗ ਸਹੀ ਕੀਤਾ ਗਿਆ ਹੈ।ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਉਨਾਂ ਸਿੰਘਾਂ ਨੂੰ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦੇ ਰੰਗ ਨੂੰ ਲੈ ਕੇ ਸੰਗਤ ਵਲੋਂ ਪ੍ਰਗਟਾਈ ਜਾ ਰਹੀ ਦੁਬਿਧਾ ਨੂੰ ਦੂਰ ਕਰਨ ਦੇ ਸਬੰਧ 'ਚ 15 ਜੁਲਾਈ 2024 ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 'ਚ ਹੋਇਆ ਆਦੇਸ਼ ਪੱਤਰ ਪੜ ਕੇ ਵੀ ਸੁਣਾਇਆ ਸੀ।









ਅੱਜ ਦਾ ਵਿਚਾਰ | ਭੈੜੇ ਨਿਯਮ ਘਟੀਆ ਪ੍ਰਕਾਰ ਦਾ ਪ੍ਰਬੰਧ ਦਿੰਦੇ ਹਨ : ਬਰਕ

## ਸੰਪਾਦਕੀ........

# ਕੀ ਹੈ ਹਾਈਪਰਬੇਰਿਕ ਆਕਸੀਜਨ ਥੈਰੇਪੀ

ਅੱਜਕੱਲ੍ਹ ਦੇ ਬਦਲਦੇ ਦੌਰ ਵਿੱਚ ਗ਼ਲਤ ਖਾਣ-ਪੀਣ ਕਾਰਨ ਖਾਣੇ ਦੇ ਪਾਚਣ ਤੋਂ ਇੱਕ ਚਿਕਨਾ ਪਦਾਰਥ ਬਣਦਾ ਹੈ ਜਿਸ ਨੂੰ ਕਿ ਪਲੈੱਕ ਕਿਹਾ ਜਾਂਦਾ ਹੈ। ਇਹ ਪਲੈੱਕ ਦਿਲ ਦੀਆਂ ਧਮਣੀਆਂ ਦੀ ਬਲਾਕੇਜ਼ ਤੇ ਹੋਰ ਬਿਮਾਰੀਆਂ ਦਾ ਕਾਰਨ ਬਣਦਾ ਹੈ। ਪਰ ਇੱਕ ਹੋਰ ਰੋਗ ਜੋ ਇਸ ਤੋਂ ਕਿਤੇ ਜ਼ਿਆਦਾ ਖ਼ਤਰਨਾਕ ਹੈ ਅਤੇ ਜੋ ਸ਼ੂਗਰ, ਦਿਲ ਦੇ ਰੋਗ ਆਰਥਰਾਇਟਸ ਅਲਜਾਈਮਰ ਬਲੱਡ ਪ੍ਰੈਸ਼ਰ ਅਤੇ ਕੈਂਸਰ ਆਦਿ ਵਰਗੇ ਅਨੇਕਾਂ ਭਿਆਨਕ ਰੋਗਾਂ ਲਈ ਜ਼ਿੰਮੇਵਾਰ ਹੈ। ਇਹ ਰੋਗ ਕਿਸੇ ਕੋਲੈਸਟਰੋਲ ਜਾਂ ਸਿਰਫ਼ ਕਿਸੇ ਜੀਨ ਦੀ ਖ਼ਰਾਬੀ ਕਰਕੇ ਨਹੀਂ ਹੁੰਦੇ। ਇਨ੍ਹਾਂ ਰੋਗਾਂ ਦਾ ਮੁੱਖ ਕਾਰਨ ਸੋਜ਼ਿਸ਼ ਜਾਂ ਜਲਣ ਹੈ ਜਿਸ ਨੂੰ ਕਿ ਇਨਫਲੇਮੇਸ਼ਨ ਕਿਹਾ ਜਾਂਦਾ ਹੈ ਇਹ ਇਨਫਲੇਮੇਸ਼ਨ ਹੀ ਸਾਰੇ ਦਰਦਾਂ ਦਾ ਕਾਰਨ ਬਣਦੀ ਹੈ। ਇਸ ਵਿਸ਼ੇ ’ਤੇ ਕਾਫ਼ੀ ਵਿਗਿਆਨਕ ਖੋਜ ਕੇਂਦਰਿਤ ਹੋ ਚੁੱਕੀ ਹੈ ਕਿ ਕਿਵੇਂ ਇਨਫਲੇਮੇਸ਼ਨ ਸਰੀਰ ’ਤੇ ਹਮਲਾ ਕਰਦੀ ਹੈ ਅਤੇ ਕਿਵੇਂ ਐੱਚ.ਬੀ.ਓ.ਟੀ. ਥੈਰੇਪੀ ਇਸ ਨੂੰ ਉਸ ਥਾਂ ’ਤੇ ਹੀ ਖ਼ਤਮ ਕਰ ਦਿੰਦੀ ਹੈ ਅੱਜ ਇਨਫਲੇਮੇਸ਼ਨ ਉੱਤੇ ਜਿੱਤ ਹਾਸਿਲ ਕਰਨ ਨੂੰ ਹੀ ਐਂਟੀ ਏਜਿੰਗ ਦਾ ਥੰਮ੍ਹ ਮੰਨਿਆ ਜਾਂਦਾ ਹੈ। ਕੁੱਝ ਅਗਾਂਹਵਧੂ ਸੋਚ ਵਾਲੇ ਡਾਕਟਰ ਅਤੇ ਸਾਇੰਸਦਾਨ ਪਿਛਲੇ ਤੀਹ ਸਾਲ ਤੋਂ ਇਸ ਥੈਰੇਪੀ ਦਾ ਇਸਤੇਮਾਲ ਕਰਦੇ ਆ ਰਹੇ ਹਨ ਜਿਸ ਦੌਰਾਨ ਮਰੀਜ ਨੂੰ ਆਕਸੀਜਨ ਨਾਲ ਭਰੇ ਹਾਈਪਰਬੇਰਿਕ ਚੈਂਬਰ ਵਿੱਚ ਬਿਠਾ ਕਿ ਸਾਧਾਰਨ ਆਟਮੋਸਫੇਰਿਕ ਦਬਾਅ ’ਤੇ ਸਾਹ ਕਿਰਿਆ ਕਰਵਾਈ ਜਾਂਦੀ ਹੈ। ਇਹ ਥੈਰੇਪੀ ਸੈਰੇਬਰਲ ਨੀਤੀ ਤੋਂ ਪ੍ਰਭਾਵਿਤ ਬੱਚੇ ਅਤੇ ਖੇਡਾਂ ਦੌਰਾਨ ਲੱਗਣ ਵਾਲੀਆਂ ਸੱਟਾਂ ਵਿੱਚ ਕਾਫ਼ੀ ਕਾਰਗਰ ਸਾਬਿਤ ਹੋਈ ਹੈ। ਅੱਜ ਦੇ ਦੌਰ ਵਿੱਚ ਹਰ ਵਿਅਕਤੀ ਸਰੀਰ ਵਿੱਚ ਆਕਸੀਜਨ ਦੇ ਘੱਟ ਪੱਧਰ ਤੋਂ ਪੀੜਤ ਹੁੰਦਾ ਜਾ ਰਿਹਾ ਹੈ। ਇਸ ਦੇ ਘੱਟ ਪੱਧਰ ਬਾਰੇ ਸਾਡੇ ਸਰੀਰ ਵਿੱਚ ਉਪਰੋਕਤ ਲੱਛਣ ਦਿਸਣ ਲੱਗ ਪੈਂਦੇ ਜਿਵੇਂ ਕਿ ਥਕਾਵਟ, ਦਰਦਾਂ, ਸਿਰਦਰਦ, ਦਿਮਾਗੀ ਧੁੰਦ ਅਤੇ ਕਈ ਵਾਰ ਭਾਰ ਦਾ ਵਧਣਾ ਆਦਿ। ਜੇ ਅਸੀਂ ਇਸ ਨੂੰ ਕੰਟਰੋਲ ਨਹੀਂ ਕਰਦੇ ਤਾਂ ਇਹ ਹਾਈਪੌਕਸੀਆ ਦਾ ਕਾਰਨ ਬਣਦੀ ਹੈ ਜੋ ਕਿ ਆਕਸੀਜਨ ਦੇ ਨੀਵੇਂ ਪੱਧਰ ਦੀ ਇੱਕ ਨਾਜ਼ੁਕ ਹਾਲਤ ਹੈ ਅਤੇ ਇਸ ਦਾ ਸਬੰਧ ਦਿਮਾਗ ਦੇ ਕਮਜ਼ੋਰ ਹੋਣਾ, ਨਾਸੂਰ ਬਣਨਾ ਅਤੇ ਕੈਂਸਰ ਆਦਿ ਨਾਲ ਹੈ। ਇਸ ਥੈਰੇਪੀ ਦੀ ਵਰਤੋਂ 1930 ਤੋਂ ਕੀਤੀ ਜਾ ਰਹੀ ਹੈ। ਉਸ ਸਮੇਂ ਇਹ ਸਮੁੰਦਰ ਵਿੱਚ ਜਾਣ ਵਾਲੇ ਗੋਤਾਖੋਰਾਂ ਦੇ ਇਲਾਜ ਲਈ ਵਰਤੀ ਜਾਂਦੀ ਸੀ। ਫਿਰ 1960 ਵਿੱਚ ਕਾਰਬਨ ਮੋਨੋਆਕਸਾਈਡ ਜ਼ਹਿਰ ਤੋਂ ਪੀੜਤਾਂ ਤੇ ਇਸ ਦਾ ਇਸਤੇਮਾਲ ਕੀਤਾ ਜਾਣ ਲੱਗ ਪਿਆ। ਅੱਜ ਕਈ ਹਸਪਤਾਲ ਸਰਜਰੀ ਕਾਰਨ ਜਾਂ ਸਰੀਰ ਦੀ ਕਮਜ਼ੋਰ ਸਰਕੂਲੇਸ਼ਨ ਅਤੇ ਸ਼ੂਗਰ ਕਾਰਨ ਹੋਣ ਵਾਲੇ ਜ਼ਖ਼ਮਾਂ ਨੂੰ ਠੀਕ ਕਰਨ ਲਈ ਇਸ ਥੈਰੇਪੀ ਦਾ ਇਸਤੇਮਾਲ ਕਰ ਰਹੇ ਹਨ। ਸਾਡੇ ਸਰੀਰ ਦਾ ਹਰੇਕ ਸੈੱਲ ਆਕਸੀਜਨ ਲੈਂਦਾ ਹੈ ਉਹ ਇਸ ਨੂੰ ਸੈੱਲ ਵਿੱਚ ਹੋਣ ਵਾਲੀ ਟੁੱਟ-ਭੱਜ ਅਤੇ ਡੀ.ਐਨ.ਏ. ਦੀ ਮੁਰੰਮਤ ਲਈ ਵਰਤਦਾ ਹੈ। ਆਕਸੀਜਨ ਦਾ ਇਸਤੇਮਾਲ ਨਵੇਂ ਤੰਦਰੁਸਤ ਸੈੱਲਾਂ ਦੇ ਨਿਰਮਾਣ ਲਈ ਵੀ ਹੁੰਦਾ ਹੈ। ਜਦੋਂ ਵੀ ਸਰੀਰ ਵਿੱਚ ਸੱਟ ਲਗਦੀ ਹੈ ਤਾਂ ਉਸ ਜਗ੍ਹਾ ਆਕਸੀਜਨ ਦੀ ਸਪਲਾਈ ਘੱਟ ਜਾਂਦੀ ਹੈ ਭਾਵੇਂ ਉਹ ਜ਼ਖ਼ਮ ਹੋਵੇ ਜਾਂ ਧਮਣੀਆਂ ਦੀ ਬਲਾਕੇਜ। ਐੱਚ.ਬੀ.ਓ.ਟੀ. ਥੈਰੇਪੀ ਦੁਆਰਾ ਦਿੱਤੀ ਆਕਸੀਜਨ ਖ਼ੂਨ ਸੰਚਾਰ ਸਿਸਟਮ ਵਿੱਚ ਆਕਸੀਜਨ ਵਿੱਚ ਵਾਧਾ ਕਰ ਦਿੰਦੀ ਹੈ ਜੋ ਕਿ ਸਰੀਰ ਦੇ ਕੁਦਰਤੀ ਰੋਗ ਨਿਰੋਧਕ ਸਿਸਟਮ ਨੂੰ ਹਲੂਣ ਕਿ ਇਨਫਲੇਮੇਸ਼ਨ ਨੂੰ ਘੱਟ ਕਰਦੀ ਹੈ ਅਤੇ ਸੈੱਲਾਂ ਦੀ ਮੌਤ ਨੂੰ ਰੋਕਣ ਦਾ ਕੰਮ ਕਰਦੀ ਹੈ। ਇਸ ਤੋਂ ਇਲਾਵਾ ਐੱਚ.ਬੀ.ਓ.ਟੀ. ਹੋਰ ਕਈ ਮਹੱਤਵਪੂਰਨ ਕੰਮ ਕਰਦੀ ਹੈ ਜਿਵੇਂ- - ਖ਼ਤਰਨਾਕ ਬੈਕਟੀਰੀਆ ਅਤੇ ਵਾਇਰਸ ਨੂੰ ਖ਼ਤਮ ਕਰਨਾ; ਸਾਰੇ ਸਰੀਰ ਨੂੰ ਊਰਜਾਵਾਨ ਕਰਨਾ। - ਸੈੱਲਾਂ ਦੀ ਭਾਰੀਆਂ ਧਾਤਾਂ ਅਤੇ ਜ਼ਹਿਰੀਲੇ ਪਦਾਰਥਾਂ ਦਾ ਸਰੀਰ ’ਚੋਂ ਨਿਸਕਾਸਨ ਕਰਨ ਵਿੱਚ ਸਹਾਈ ਹੋਣਾ। ਦਿਮਾਗ ਅਤੇ ਨਰਵ ਲਈ ਬਾਲਣ ਦਾ ਕੰਮ ਕਰਨਾ ਤਾਂ ਜੋ ਅਸੀਂ ਚੌਕੰਨੇ ਰਹੀਏ ਅਤੇ ਸਾਫ਼ ਸੋਚ ਸਕੀਏ। ਦਿਮਾਗ ਦੇ ਦੌਰੇ ਤੋਂ ਬਾਅਦ ਦਿਮਾਗੀ ਸੈੱਲਾਂ ਨੂੰ ਦੁਬਾਰਾ ਪੈਦਾ ਕਰਨਾ ਅਤੇ ਸੋਜ਼ਿਸ਼ ਨੂੰ ਘੱਟ ਕਰਨਾ। ਉਪਰੋਕਤ ਥੈਰੇਪੀ ਤੋਂ ਇਲਾਵਾ ਵੀ ਆਕਸੀਜਨ ਦੀ ਜ਼ਰੂਰੀ ਮਾਤਰਾ ਸਰੀਰ ਨੂੰ ਦੇ ਕਿ ਇਹ ਸਾਰੇ ਲਾਭ ਲਏ ਜਾ ਸਕਦੇ ਹਨ। ਇਸ ਮੰਤਵ ਲਈ ਸਵੇਰੇ ਵੇਲੇ ਤਾਜ਼ੀ ਸ਼ੁੱਧ ਹਵਾ ਵਿੱਚ ਜਾ ਕਿ 15 ਤੋਂ 20 ਮਿੰਟ ਤਕ ਲੰਮੇ ਸਾਹ ਲਵੋ। ਸਾਹ ਪੂਰਾ ਪੇਟ ਤਕ ਹਵਾ ਭਰ ਕਿ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਪ੍ਰਾਪਤ ਹੋਈ ਆਕਸੀਜਨ ਸਰੀਰ ਦੇ ਸਾਰੇ ਸੈੱਲਾਂ ਤਕ ਪਹੁੰਚ ਕਿ ਲਾਭ ਦਿੰਦੀ ਹੈ। ਇਸ ਤੋਂ ਇਲਾਵਾ ਇਹ ਸਪਲੀਮੈਂਟ ਦੇ ਤੌਰ ’ਤੇ ਵੀ ਲਈ ਜਾ ਸਕਦੀ ਹੈ। ਆਕਸੀਜਨ ਨੂੰ ਹਰੇਕ ਸੈੱਲ ਤਕ ਪਹੁੰਚਾਉਣ ਲਈ ਓਮੇਗਾ-3 ਫੈਟੀ ਐਸਿਡ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਹ ਲਾਲ ਖ਼ੂਨ ਦੇ ਸੈੱਲਾਂ ਦੀ ਝਿੱਲੀ ਦੀ ਰੱਖਿਆ ਕਰਦਾ ਹੈ। ਇਹ ਸੈੱਲਾਂ ਨੂੰ ਲਚਕੀਲਾ ਬਣਾਉਂਦਾ ਹੈ ਜਿਸ ਦੇ ਫਲਸਰੂਪ ਉਹ ਆਸਾਨੀ ਨਾਲ ਕੋਸ਼ਿਕਾਵਾਂ ਵਿੱਚ ਪਹੁੰਚ ਕਿ ਉੱਥੋਂ ਕਾਰਬਨ ਡਾਈਆਕਸਾਈਡ ਨੂੰ ਬਾਹਰ ਕਰਕੇ ਆਕਸੀਜਨ ਦਾ ਸੰਚਾਰ ਕਰਦੇ ਹਨ।

# ਸੰਸਾਰ ਵਿੱਚ ਜੰਗੀ ਮਾਹੌਲ ਕਿਵੇਂ ਰੁਕੇ

ਹੁਣ ਯੂਕਰੇਨ-ਰੂਸ ਅਤੇ ਫ਼ਲਸਤੀਨ ਇਰਾਨ-ਇਜ਼ਰਾਈਲ ਜੰਗ ਭੜਕੀ ਪਈ ਹੈ। ਤਾਇਵਾਨ-ਚੀਨ ਅਤੇ ਉੱਤਰੀ ਕੋਰੀਆ ਦੇ ਮੁੱਦੇ ਉੱਪਰ ਜੰਗ ਕਿਸੇ ਵੇਲੇ ਵੀ ਭੜਕ ਸਕਦੀ ਹੈ। ਜੰਗ ਬਾਰੇ ਵੱਡੇ ਖ਼ਦਸਿਆਂ ਸੰਭਾਵਨਾ ਦੇ ਤਿੰਨ ਕੇਂਦਰ ਏਸ਼ੀਆ ਵਿਚ ਹਨ ਅਤੇ ਇਕ ਯੂਰਪ (ਯੂਕਰੇਨ) ਵਿਚ। ਇਸ ਤੋਂ ਇਲਾਵਾ ਭਾਰਤ ਲਾਗਿਓਂ ਵੀ ਧੂੰਆਂ ਉੱਠਦਾ ਰਹਿੰਦਾ ਹੈ। ਕੌਣ ਕਿਉਂ ਭੜਕਾਉਂਦਾ ਇਹ ਸਭ, ਤੇ ਕੀ ਇਹ ਅੱਗ ਤਬਾਹਕੁਨ ਭਾਂਬੜ ਬਣਨ ਤੋਂ ਰੁਕ ਸਕਦੀ ਹੈ ? ਦੂਜੀ ਸੰਸਾਰ ਜੰਗ (1939-1945) ਵਿਚ ਕੁੱਲ ਮਿਲਾ ਕੇ 7 ਕਰੋੜ ਫੌਜੀ ਅਤੇ ਲੋਕ ਮਰੇ। ਇਸ ਵਿਚ ਸਵਾ ਦੋ ਕਰੋੜ ਤੋਂ ਵੱਧ ਸੋਵੀਅਤ ਰੂਸ ਅਤੇ ਪੌਣੇ ਦੋ ਕਰੋੜ ਚੀਨ ਦੇ ਸਨ। 18 ਲੱਖ ਦੇ ਕਰੀਬ ਭਾਰਤੀ ਸਨ। ਹਿਟਲਰ ਨੇ ਜਰਮਨੀ ਵਿਚ ਲੱਖਾਂ ਯਹੂਦੀਆਂ ਦਾ ਕਤਲੇਆਮ ਵੀ ਕੀਤਾ। ਜਰਮਨੀ ਵਿਚ ਇਹ ਧਾਰਮਿਕ ਨਸਲਕੁਸ਼ੀ ਵਰਗੀ ਗੱਲ ਵੀ ਸੀ। ਇਸ ਨਸਲਕੁਸ਼ੀ ਦਾ ਅਸਰ ਇਹ ਹੋਇਆ ਕਿ ਇੰਗਲੈਂਡ ਅਮਰੀਕਾ ਧੜੇ ਨੇ ਯੂਐੱਨ ਰਾਹੀਂ 14 ਮਈ 1948 ਨੂੰ ਮੁਸਲਮਾਨ ਬਹੁਲ ਦੇਸ਼ ਫ਼ਲਸਤੀਨ ਨੂੰ 55-45 ਵਿਚ ਵੰਡ ਕੇ ਇਕ ਹਿੱਸੇ ਵਿਚ ਯਹੂਦੀਆਂ ਲਈ ਆਪਣਾ ਵੱਖਰਾ ਮੁਲਕ ਇਜ਼ਰਾਈਲ ਬਣਵਾ ਦਿੱਤਾ। ਯੇਰੋਸ਼ਲਮ ਨੂੰ ਕੌਮਾਂਤਰੀ ਦੇਖ ਰੇਖ ਅਧੀਨ ਸਾਂਝੀ ਭੋਇੰ ਮੰਨਿਆ ਗਿਆ। ਇੰਝ ਆਪਣੇ (ਯਹੂਦੀ-ਇਸਾਈ) ਵੱਲ ਆਉਂਦੇ ਨਸਲੀ ਟਕਰਾਓ ਦੇ ਖ਼ਦਸ਼ੇ ਦਾ ਰੁਖ਼ ਮੁਸਲਿਮ ਪਾਸੇ ਮੋੜ ਦਿੱਤਾ। ਫਲਸਤੀਨ ਉੱਤੇ ਇਸ ਵਕਤ ਇਜ਼ਰਾਈਲ ਪੂਰੀ ਤਰ੍ਹਾਂ ਕਾਬਜ਼ ਹੋ ਚੁੱਕਾ ਹੈ। 1967 ਦੀ ਜੰਗ ਵਿਚ ਇਜ਼ਰਾਈਲ ਨੇ ਸੀਰੀਆ, ਜੌਰਡਨ ਅਤੇ ਮਿਸਰ ਦੇ ਕੁਝ ਇਲਾਕਿਆਂ ਉੱਤੇ ਵੀ ਕਬਜ਼ਾ ਕਰ ਲਿਆ। ਨਾਲ ਹੀ ਯੇਰੋਸ਼ਲਮ ਅਤੇ ਫਲਸਤੀਨ ਦੇ ਵੈਸਟ ਬੈਂਕ ਨੂੰ ਵੀ ਕਬਜ਼ੇ ਵਿਚ ਲੈ ਲਿਆ। ਬਚਿਆ ਖੁਚਿਆ ਫਲਸਤੀਨ ਉਦੋਂ ਤੋਂ ਅੱਜ ਤਕ ਜ਼ੁਲਮ ਸਿਤਮ ਹੰਢਾ ਰਿਹਾ। ਫਲਸਤੀਨ ਅੱਜ ਆਜ਼ਾਦ ਮੁਲਕ ਵਾਲੀ ਹੈਸੀਅਤ ਨਹੀਂ ਰੱਖਦਾ। ਫਲਸਤੀਨ ਨੂੰ ਪ੍ਰਭੂਸੱਤਾ ਵਾਲੇ ਮੁਲਕ ਦਾ ਦਰਜਾ ਦੇਣ ਵਾਲੇ ਸੈਂਕੜੇ ਯੂਐੱਨ ਮਤੇ ਇਜ਼ਰਾਈਲ ਰੱਦ ਕਰ ਚੁੱਕਾ ਹੈ। ਇਸ ਕਰ ਕੇ ਪ੍ਰਚਾਰ ਤੰਤਰ ਦੀ ਇਹ ਦਲੀਲ ਗਲਤ ਹੈ ਕਿ ਮੌਜੂਦਾ ਟਕਰਾਓ ਦੀ ਮੁੱਖ ਵਜ੍ਹਾ 7 ਅਕਤੂਬਰ ਦਾ ਹਮਾਸ ਦਾ ਹਮਲਾ ਹੈ। ਪਿਛੋਕੜ ਹੀ ਇਸ ਟਕਰਾਓ ਦੀ ਅਸਲੀ ਵਜ੍ਹਾ ਹੈ। ਤੇਲ ਹਿੱਤਾਂ ਵਾਲੇ ਇਸ ਖਿੱਤੇ ਵਿਚ ਇਜ਼ਰਾਈਲ ਨੂੰ ਅਮਰੀਕਾ ਧੜਾ ਆਪਣੇ ਲੈਫਟੀਨੈਂਟ ਵਜੋਂ ਵਰਤ ਰਿਹਾ ਹੈ, ਤੇ ਉਸ ਦੇ ਰਾਖੇ ਤਾਂ ਫਿਰ ਬਣਨਾ ਹੀ ਪੈਣਾ ਪਰ ਇਸ ਖੇਡ ਵਿਚ ਫਲਸਤੀਨੀ ਨਿਰਦੋਸ਼ ਰਗੜੇ ਗਏ। ਉਂਝ, ਅੱਜ ਇਹ ਝਗੜਾ ਇਜ਼ਰਾਈਲ, ਫਲਸਤੀਨ, ਇਰਾਨ ਤਕ ਸੀਮਤ ਨਾ ਰਹਿ ਕੇ ਅਮਰੀਕਾ, ਲਿਬਨਾਨ, ਯਮਨ, ਇਰਾਕ, ਸੀਰੀਆ, ਤੁਰਕੀ, ਰੂਸ, ਚੀਨ, ਉੱਤਰੀ ਕੋਰੀਆ ਨੂੰ ਵੀ ਲਪੇਟੇ ਵਿਚ ਲੈਂਦਾ ਨਜ਼ਰ ਆ ਰਿਹਾ ਹੈ। ਫਲਸਤੀਨ ਨੂੰ ਮੁਲਕ ਵਜੋਂ ਮਾਨਤਾ ਦਿੱਤੇ ਬਿਨਾਂ ਉੱਥੇ ਸ਼ਾਂਤੀ ਬਹਾਲੀ ਦੇ ਆਸਾਰ ਨਹੀਂ।

ਹੁਣ ਯੂਕਰੇਨ ਦੀ ਗੱਲ ਕਰੀਏ। 1991 ਵਿਚ ਧਰਤੀ ਦੇ ਛੇਵੇਂ ਹਿੱਸੇ ਵਿਚ ਫੈਲਿਆ ਸੋਵੀਅਤ ਯੂਨੀਅਨ ਜਦ 15 ਮੁਲਕਾਂ ਵਿਚ ਟੁੱਟ ਗਿਆ ਤਾਂ ਉਸ ਦਾ ਇਕ ਟੁਕੜਾ ਯੂਕਰੇਨ ਜੋ ਫਿਰ ਵੀ ਇਲਾਕੇ ਦੇ ਲਿਹਾਜ਼ ਨਾਲ ਯੂਰੋਪੀਅਨ ਦੇ ਹਰ ਮੁਲਕ ਤੋਂ ਵੱਡਾ ਸੀ, ਉਸ ਦੇ 2014 ਤਕ ਆਉਂਦਿਆਂ ਪੱਛਮ ਵੱਲ ਝੁਕਾਅ ਕਾਰਨ ਰੂਸ ਨਾਲ ਸਬੰਧ ਖਰਾਬ ਹੋ ਗਏ। ਰੂਸ ਨਾਲ ਟਕਰਾਓ ਵਾਲੇ ਤਿੱਖੇ ਤੇਵਰਾਂ ਨਾਲ ਕਾਮੇਡੀਅਨ ਜ਼ੈਲੇਂਸਕੀ 2019 ਦੀ ਰਾਸ਼ਟਰਪਤੀ ਦੀ ਚੋਣ ਜਿੱਤਿਆ ਅਤੇ ਅਮਰੀਕੀ ਧੜੇ ਵੱਲ ਉਲਰਦਿਆਂ ਨਾਟੋ ਫੌਜੀ ਗਠਜੋੜ ਦਾ ਮੈਂਬਰ ਬਣਨ ਨੂੰ ਉਤਾਵਲਾ ਹੋਇਆ; ਮਤਲਬ, ਰੂਸ ਦੀਆਂ ਬਰੂਹਾਂ ਉੱਤੇ 32 ਦੇਸ਼ਾਂ ਦੀਆਂ ਫੌਜਾਂ ਨੂੰ ਪੱਕਾ ਸੱਦਾ। ਇਹੀ ਗੱਲ ਰੂਸ-ਯੂਕਰੇਨ ਜੰਗ ਦੀ ਸਭ ਤੋਂ ਵੱਡੀ ਵਜ੍ਹਾ ਬਣੀ। ਅੱਜ ਅਮਰੀਕਾ ਦੀ ਅਗਵਾਈ ਵਿਚ ਨਾਟੋ ਦੇ 32 ਦੇਸ਼ ਯੂਕਰੇਨ ਦੀ ਪਿੱਠ ’ਤੇ ਹਨ। ਦੂਜੇ ਪਾਸੇ ਰੂਸ ਹੈ ਜਿਸ ਨੂੰ ਚੀਨ, ਇਰਾਨ ਅਤੇ ਉੱਤਰੀ ਕੋਰੀਆ ਦੀ ਹਮਾਇਤ ਹੈ। ਇਹ ਜੰਗ ਦੁਨੀਆ ਦੇ ਵੱਡੇ ਹਿੱਸੇ ਵਿਚ ਪਰਮਾਣੂ ਜੰਗ ਦਾ ਰੂਪ ਲੈ ਸਕਦੀ ਹੈ। ਤਾਇਵਾਨ ਦਾ ਮਸਲਾ ਇਹ ਹੈ ਕਿ ਜਦ ਚੀਨੀ ਸਿਵਲ ਵਾਰ ਵਿਚ ਮਾਓ ਜ਼ੇ-ਤੁੰਗ ਦੀ ਅਗਵਾਈ ਵਿਚ ਕਮਿਊਨਿਸਟ ਪਾਰਟੀ ਨੇ 1949 ਵਿਚ ਮੁਲਕ ਉੱਤੇ ਅਧਿਕਾਰ ਕਰ ਲਿਆ ਤਾਂ ਚੀਨ ਦਾ ਪਹਿਲਾ ਹਾਕਮ ਚਿਆਂਗ ਕਾਈ ਸ਼ੈਕ ਭੱਜ ਕੇ ਚੀਨੀ ਮੁੱਖ ਧਰਤੀ ਤੋਂ 100 ਕੁ ਮੀਲ ਦੂਰ ਤਾਇਵਾਨ ਟਾਪੂ ਤੋਂ ਬਰਾਬਰ ਦੀ ਚੀਨ ਸਰਕਾਰ ਚਲਾਉਣ ਲੱਗਾ। ਉਸ ਨੂੰ ਅਮਰੀਕਾ ਦੀ ਹਮਾਇਤ ਸੀ। ‘ਤਾਇਵਾਨ’ ਹੀ (ਰਿਪਬਲਿਕ ਆਫ ਚਾਈਨਾ) ਵਜੋਂ ਚੀਨ ਦਾ ਯੂਐੱਨ ਵਿਚ ਪ੍ਰਤੀਨਿਧ ਰਿਹਾ। 1971 ਵਿਚ ਯੂਐੱਨ ਨੇ ਇਹ ਪ੍ਰਤੀਨਿਧ ਰੁਤਬਾ ਮੁੱਖ ਚੀਨੀ ਧਰਤੀ ਦੀ ਸਰਕਾਰ ਨੂੰ ਦਿੱਤਾ। ਤਾਇਵਾਨ ਟਾਪੂ ਦਾ ਅੱਜ ਤੱਕ ਵੀ ਨਾਮ ‘ਰਿਪਬਲਿਕ ਆਫ ਚਾਈਨਾ’ ਹੈ ਪਰ ਉਹ ਰੋਜ਼ਮੱਰਾ ਸ਼ਾਸਨ ਵਜੋਂ ਆਜ਼ਾਦ ਹੈ ਤੇ ਖ਼ੁਦ ਨੀਤੀਆਂ ਬਣਾਉਂਦਾ ਹੈ। ਕੁਝ ਸਾਲਾਂ ਤੋਂ ਤਾਇਵਾਨ ਚੋਣਾਂ ਵਿਚ ਘੋਰ ਚੀਨ ਵਿਰੋਧੀ ਜਿੱਤੇ ਜੋ ਮੁਕੰਮਲ ਆਜ਼ਾਦੀ ਦਾ ਨਾਅਰਾ ਦੇ ਕੇ ਅਮਰੀਕਾ ਨਾਲ ਜੁੜਨ ਦੇ ਰਾਹੇ ਪੈ ਗਏ ਹਨ ਜੋ ਚੀਨ ਨੂੰ ਮਨਜ਼ੂਰ ਨਹੀਂ। ਕੌਮਾਂਤਰੀ ਕਾਇਦੇ-ਕਾਨੂੰਨ ਜਿਸ ਨੂੰ ਅਮਰੀਕਾ ਵੀ ਮੰਨਦਾ, ਮੁਤਾਬਕ ਤਾਇਵਾਨ ਅਲੱਗ ਦੇਸ਼ ਨਹੀਂ, ਚੀਨ ਦਾ ਅਲੱਗ ਖ਼ੁਦਮੁਖ਼ਤਾਰ ਹਿੱਸਾ ਹੈ ਜਿਸ ਦੀ ਆਪਣੀ ਕਰੰਸੀ ਤੇ ਫੌਜ ਹੈ ਪਰ ਕੁਝ ਸਾਲਾਂ ਤੋਂ ਚੀਨ ਅਮਰੀਕਾ ਦੇ ਵਿਗੜੇ ਸਬੰਧ ਵੀ ਕਲੇਸ਼ ਵਧਾਉਣ ਦਾ ਕਾਰਨ ਬਣੇ। ਅਮਰੀਕਾ ਤਾਇਵਾਨ ਵਿਚ ਪੈਰ ਧਰਾਵਾ ਕਰ ਕੇ ‘ਦੱਖਣੀ ਚੀਨ ਸਮੁੰਦਰ ਝਗੜੇ’ ਵਿਚ ਵੀ ਮਜ਼ਬੂਤ ਹੋਣਾ ਚਾਹੁੰਦਾ ਤੇ ਯੂਕਰੇਨ ਵਾਂਗ ਚੀਨ ਦੇ ਐਨ ਕੋਲ ਆਪਣੀ ਫੌਜ ਚਾਹੁੰਦਾ ਹੈ। ਚੀਨ ਇਸ ਦਾ ਅੰਤਿਮ ਹੱਲ ਫੌਜ ਨਾਲ ਤਾਇਵਾਨ ਉੱਤੇ ਮੁਕੰਮਲ ਕਬਜ਼ਾ ਕਰ ਲੈਣ ਵਿਚ ਵੀ ਦੇਖਦਾ ਹੈ। ਮਾਹੌਲ ਪੂਰਾ ਗਰਮ ਹੈ। ਅਗਰ ਗੱਲ ਵਧਦੀ ਹੈ ਤਾਂ ਇਹ ਖਿੱਤਾ ਚੀਨ-ਅਮਰੀਕਾ ਜੰਗ ਦਾ ਮੈਦਾਨ ਬਣੇਗਾ ਜਿਸ ਵਿਚ ਦੇਰ ਸਵੇਰ ਜਪਾਨ ਅਤੇ ਉੱਤਰੀ ਕੋਰੀਆ ਵੀ ਹੋਣਗੇ। ਪਰਮਾਣੂ ਸ਼ਕਤੀ ਵਾਲੇ ਮੁਲਕ ਕਦੋਂ ਕੀ ਕਰ ਦੇਣ, ਕੋਈ ਨਹੀਂ ਜਾਣਦਾ। ਅਮਰੀਕੀ ਕਾਂਗਰਸ ਦੀ ਤਾਜ਼ਾ ਰਿਪੋਰਟ ਵਿਚ ਵੀ ਚੀਨ ਨੂੰ ਅਮਰੀਕੀ ਹਿੱਤਾਂ ਦਾ ਸਭ ਤੋਂ ਵੱਡਾ ਤੇ ਤਕੜਾ ਦੁਸ਼ਮਣ ਐਲਾਨਿਆ ਗਿਆ ਹੈ। ਭਲਾ ਇਸ ਗੱਲ ਵਿਚ ਹੈ ਕਿ ਤਾਇਵਾਨ ਲੀਡਰਸ਼ਿਪ ਚੋਣਾਂ ਜਿੱਤਣ ਲਈ ਭੜਕਾਊ ਨਾਅਰਿਆਂ ਦੇ ਚੱਕਰੀਂ ਮੁਲਕ ਦਾ ਝੁੱਗਾ ਚੌੜ ਨਾ ਕਰਾ ਬੈਠੇ। ਤਾਇਵਾਨ ਖੁਸ਼ਹਾਲ ਹੈ, ਇਸ ਦਾ ਮੌਜੂਦਾ ਰੁਤਬਾ ਬਹਾਲ ਰਹੇ, ਚੀਨ ਅਮਰੀਕਾ ਪਿੱਛੇ ਹਟਣ ਪਰ ਕੋਈ ਧਿਰ ਪਿੱਛੇ ਹਟਣ ਨੂੰ ਤਿਆਰ ਨਹੀਂ। ਜੇ ਗੱਲ ਕੋਰੀਅਨਾਂ ਦੀ ਕਰੀਏ ਤਾਂ ਕਹਿਣਾ ਪਵੇਗਾ ਕਿ ਕੋਰੀਆ ਨੂੰ ਜਪਾਨ ਨੇ 1945 ਤਕ ਗੁਲਾਮ ਬਣਾ ਕੇ ਕਬਜ਼ਾ ਅਤੇ ਜ਼ੁਲਮ ਕੀਤੇ। ਦੂਜੀ ਸੰਸਾਰ ਜੰਗ ਦੌਰਾਨ ਜਪਾਨ ਦੀ ਹਾਰ ਬਾਅਦ ਜਦ ਕਿਮ-ਇਲ-ਸੁੰਗ ਦੀ ਅਗਵਾਈ ਵਿਚ ਕੋਰੀਆ ਮੁਕਤ ਹੋਇਆ ਤਾਂ ਕੋਰੀਆ ਅਤੇ ਅਮਰੀਕਾ ਦਰਮਿਆਨ 1950 ਤੋਂ 1953 ਤਕ ਤਿੰਨ ਸਾਲ ਭਿਅੰਕਰ ਜੰਗ ਚੱਲੀ ਜਿਸ ਵਿਚ ਲਗਭਗ 25 ਲੱਖ ਮੌਤਾਂ ਹੋਈਆਂ; ਅੱਜ ਵੀ ‘ਸੀਜ਼ ਫਾਇਰ’ ਹੀ ਹੈ, ਸ਼ਾਂਤੀ ਸਮਝੌਤਾ ਕੋਈ ਨਹੀਂ ਹੋਇਆ। ਮੁਲਕ ਦੋ ਹਿੱਸਿਆਂ (ਉੱਤਰੀ ਕੋਰੀਆ, ਦੱਖਣੀ ਕੋਰੀਆ) ਵਿਚ ਵੰਡਿਆ ਗਿਆ। ਕਿਸੇ ਵੇਲੇ ਮੁੜ ਏਕੀਕਰਨ ਲਹਿਰ ਸੀ ਜੋ ਹੁਣ ਖਤਮ ਹੋ ਚੁੱਕੀ ਹੈ। ਉੱਤਰੀ ਕੋਰੀਆ 75 ਸਾਲਾਂ ਤੋਂ ਸਖ਼ਤ ਅਮਰੀਕੀ-ਯੂਐੱਨ ਪਾਬੰਦੀਆਂ ਦੀ ਮਾਰ ਝੱਲ ਰਿਹਾ ਹੈ, ਭਰਿਆ ਪੀਤਾ ਹੈ ਅਤੇ ਅਮਰੀਕਾ ਨੂੰ ਮੁੱਖ ਦੁਸ਼ਮਣ ਸਮਝਦਾ ਹੈ। ਉੱਤਰੀ ਕੋਰੀਆ ਦਾ ਪਰਮਾਣੂ ਸ਼ਕਤੀ ਹੋਣਾ ਅਮਰੀਕਾ ਲਈ ਚਿੰਤਾ ਦਾ ਵਿਸ਼ਾ ਹੈ। ਦੱਖਣੀ ਕੋਰੀਆ ਵਿਚ ਹਜ਼ਾਰਾਂ ਅਮਰੀਕੀ ਫੌਜ ਬੈਠੀ ਹੈ, ਉੱਤਰੀ ਕੋਰੀਆ ਵਿਰੁੱਧ ਨਿੱਤ ਜੰਗੀ ਮਸ਼ਕਾਂ ਹੁੰਦੀਆਂ ਹਨ। ਉੱਤਰੀ ਕੋਰੀਆ ਨੂੰ ਚੀਨ ਤੇ ਰੂਸ ਦੀ ਹਮਾਇਤ ਹੈ। ਇਥੇ ਜਦੋਂ ਵੀ ਭੜਕੀ, ਆਮ ਜੰਗ ਨਹੀਂ, ਪਰਮਾਣੂ ਜਵਾਲਾ ਹੀ ਭੜਕਣੀ ਹੈ। ਚੰਗਾ ਹੋਵੇ ਜੇ ਇਕ ਦੂਜੇ ਦੀ ਹੋਂਦ ਨੂੰ ਬਰਾਬਰ ਮਾਨਤਾ ਦੇ ਕੇ ਅਮਨ ਸ਼ਾਂਤੀ ਦੀ ਕੋਈ ਪਹਿਲ ਕਿਸੇ ਪਾਸਿਉਂ ਹੋਵੇ। ਭਾਰਤ-ਚੀਨ ਸਰਹੱਦੀ ਵਿਵਾਦ ਵੀ ਹੈ ਜਿਸ ਵਿਚ ਦੋਵੇਂ ਦੇਸ਼ ਗੱਲਬਾਤ ਨੂੰ ਪਹਿਲ ਦੇ ਰਹੇ ਹਨ। ਅਮਰੀਕਾ ਦੀ ਕੋਸ਼ਿਸ਼ ਹੈ ਕਿ ‘ਕੁਆਡ’ ਗਰੁੱਪ (ਭਾਰਤ, ਜਪਾਨ, ਆਸਟਰੇਲੀਆ ਤੇ ਅਮਰੀਕਾ) ਰਣਨੀਤਕ ਗਠਜੋੜ ਦਾ ਰੂਪ ਲੈ ਲਵੇ; ਤੇ ਕੱਲ੍ਹ ਨੂੰ ਚੀਨ ਵਿਰੁੱਧ ਜੰਗ ਵਿਚ ਭਾਰਤ ਅਮਰੀਕਾ ਦਾ ਜੰਗੀ ਭਾਈਵਾਲ/ਮਦਦਗਾਰ ਬਣੇ ਪਰ ਭਾਰਤ ਅਜੇ ਤਕ ਉਨ੍ਹਾਂ ਦੇ ਟੇਟੇ ਨਹੀਂ ਚੜ੍ਹਿਆ। ਇਹ ਕਹਿੰਦਾ ਹੈ ਕਿ ਅਸੀਂ ਤਾਂ ਵਾਤਾਵਰਨ, ਵਿਕਾਸ ਸਹਿਯੋਗ ਲਈ ਕੁਆਡ ਦੇ ਮੈਂਬਰ ਹਾਂ। ਚੰਗਾ ਹੈ ਜੇ ਬਚਿਆ ਰਹੇ ਕਿਉਂਕਿ ਅਮਰੀਕੀ ਵੀ ਅੱਗਿਓਂ ਕੱਚੀਆਂ ਗੋਲੀਆਂ ਨਹੀਂ ਖੇਡੇ। ਉਹ ਅਗਲੇ ਨੂੰ ਇਉਂ ਵਿਚ ਘੜੀਸ ਲੈਂਦੇ ਜਿਵੇਂ ਗਿੱਧਾ ਪਾਉਣ ਵਾਲੀਆਂ ਬੋਲੀ ਪਾ ਕੇ ਪਾਸੇ ਖਲੋਤੀ ਨੂੰ ਗੇੜਾ ਦੇਣ ਲਈ ਘੜੀਸ ਲੈਂਦੀਆਂ। ਰੂਸ ਨੇ ਹਮੇਸ਼ਾ ਭਾਰਤ ਚੀਨ ਤਣਾਓ ਵਧਣ ਤੋਂ ਰੋਕਣ ਵਿਚ ਭੂਮਿਕਾ ਨਿਭਾਈ ਹੈ। ਹੁਣ ਚਿੰਤਾ ਅਤੇ ਵਿਚਾਰ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਸਾਰੇ ਵਿਵਾਦਾਂ (ਯੂਕਰੇਨ, ਫਲਸਤੀਨ, ਤਾਇਵਾਨ, ਕੋਰੀਆ) ਨੂੰ ਸੁਲਝਾਉਣ ਦੀ ਕੋਈ ਵੀ ਨਿੱਗਰ ਕੋਸ਼ਿਸ਼ ਨਜ਼ਰ ਨਹੀਂ ਆ ਰਹੀ; ਬੇਵਿਸ਼ਵਾਸੀ ਇੰਨੀ ਜਿ ?ਆਦਾ ਹੈ ਕਿ ਪੁੱਛੋ ਨਾ। ਸੱਚ ਇਹ ਹੈ ਰੂਸ, ਚੀਨ, ਅਮਰੀਕਾ ਦਰਮਿਆਨ ਯੁੱਧ ਛਿੜਿਆ ਤਾਂ ਅਖਿ ?ਰਕਾਰ ਪਰਮਾਣੂ ਜੰਗ ਵੱਲ ਹੀ ਜਾਏਗਾ। ਮਨੁੱਖੀ ਨਸਲ ਦਾ ਘਾਣ ਹੋਣ ਦਾ ਖ਼ਤਰਾ ਹੈ। ਅੰਦਾਜ਼ਾ ਹੈ ਕਿ ਜੇ ਵੱਡਾ ਪਰਮਾਣੂ ਯੁੱਧ ਛਿੜਿਆ ਵੀ ਤਾਂ ਇਸ ਦਾ ਅਸਰ ਭਾਵੇਂ ਸਾਰੀ ਦੁਨੀਆ ’ਤੇ ਪਵੇਗਾ ਪਰ ਦੁਨੀਆ ਦੇ ਕੁਝ ਹਿੱਸੇ ਇਸ ਦੇ ਸੇਕ ਤੋਂ ਬਚੇ ਰਹਿਣਗੇ।

ਦੇਸੀ ਟਾਈਮਜ਼

Address:
140-6, Windsor Ave.
Lachine,
QC H8R1P7

singhatthwal@gmail.com
manjeetatthwal@gmail.com
Mobile No. +1 (438) 500-6024
Office number: 514-798-1794

Publisher : Manjeet Singh Athwal
Managing Director : Manpreet Singh
Editor-in-Chief : Amarjit singh
Office Admin : Satnam Singh
Design by : MANPREET SINGH
Videographer : Navjeet Sharma
Photographer : Paul Awasthi, Nirmal Bal GKB Media
Arts Critic : Wendy Rockburn
Free Lance Reporter : Joanne Penhale

**Publishers Note**

Desi Times and people associated with it are not responsible for any claims made by the advertisers or endorse any of their products or service advertised within. The views expressed in the Desi Times don not necessarily reflect the views of the publisher and editor. Desi Times is in the business of selling space but does not test or confirm the legilmacy of the claim made in the paper. Desi Times dones promote a healthy forum for discussion of a myriad of views in peaceful civilized manner while trying to dissuade any form of discrimination and abuse.

Contribution to the growth of the paper is most appreciated and sponsors and advertisers are trained for their support. We would like to thanks all the well wishers and supporters of Desi Times for making this endeavor possible. Let us be proud of our roots, humble in our temperament and rigorous in our efforts to attain greatness in our achievements

# ਮੱਸੇ ਦਾ ਸਿਰ ਲਾਹੁਣ ਵਾਲੇ ਸੂਰਮੇ ਸਿੱਖ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ

ਧਰਮ ਦੀ ਕਾਰ ਅਤੇ ਸੁਚੱਜਾ (ਸਰਬੱਤ ਦੇ ਭਲੇ ਵਾਲਾ) ਵਿਹਾਰ ਸਿੱਖੀ ਜੀਵਨ-ਜਾਚ ਦਾ ਅਹਿਮ ਹਿੱਸਾ ਹੈ। ਇਹ ਕਾਰ ਤੇ ਵਿਹਾਰ ਸਿੱਖ ਨੂੰ ਜਿਥੇ ਗੁਰਬਾਣੀ ਨਾਲ ਜੋੜੀ ਰੱਖਦੇ ਹਨ,ਉੱਥੇ ਲੋੜ ਪੈਣ 'ਤੇ ਕੁਰਬਾਨੀ ਲਈ ਤੱਤਪਰ ਰਹਿਣ ਵਾਸਤੇ ਵੀ ਪ੍ਰੇਰਦੇ ਰਹਿੰਦੇ ਹਨ। ਰੱਬੀ ਬਖਸ਼ਿਸ਼ ਲਈ ਵੱਡੇ ਬਾਬੇ ਦੇ ਬੋਲ ਜਿਥੇ ਪ੍ਰੇਮ ਦੀ ਖੇਡ ਖੇਡਣ ਦਾ ਹੋਕਾ ਦਿੰਦੇ ਹਨ,ਉੱਥੇ ਇਸ ਉੱਚੀ ਅਤੇ ਸੁੱਚੀ ਖੇਡ ਦੀ ਨਿਰਵਿਘਨਤਾ ਲਈ ਕੁਰਬਾਨੀ ਦਾ ਜਜ਼ਬਾ ਵੀ ਜਗਾਉਂਦੇ ਹਨ। ਇਸ ਪਵਿੱਤਰ ਜਜ਼ਬੇ ਅਧੀਨ ਹੀ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਿਦਕੀ ਸਿੱਖ 'ਸੀਸ ਤਲੀ 'ਤੇ ਧਰ ਕੇ' ਆਪਣੇ ਧਾਰਮਿਕ ਅਤੇ ਰਾਜਨੀਤਕ ਨਿਸ਼ਾਨੇ ਪ੍ਰਾਪਤ ਕਰਦੇ ਰਹੇ ਹਨ। ਇਸ ਤਰ੍ਹਾਂ ਦੀ ਮਾਣ-ਮੱਤੀ ਪ੍ਰਾਪਤੀ ਕਰਨ ਵਾਲਿਆਂ ਵਿਚ ਹੀ ਸ਼ਾਮਿਲ ਹੈ ਦੋ ਸੂਰਮੇ ਸਿੱਖਾਂ ਭਾਈ ਸੁੱਖਾ ਸਿੰਘ ਮਾੜੀ ਕੰਬੋਕੀ ਅਤੇ ਭਾਈ ਮਹਿਤਾਬ ਸਿੰਘ ਮੀਰਾਂਕੋਟੀਏ ਦਾ ਨਾਂਅ ਜਿਨ੍ਹਾਂ ਮਣਾਂ-ਮੂੰਹੀਂ ਦਲੇਰੀ ਨਾਲ ਦਿਨ-ਦੀਵੀਂ ਮੱਸੇ ਰੰਗੜ ਦਾ ਸਿਰ ਵੱਢ ਕੇ ਇੱਕ ਨਵਾਂ ਇਤਿਹਾਸ ਰਚਿਆ ਸੀ। ਸਿੱਖ ਇਤਿਹਾਸ ਦਾ ਇਹ ਰਚਣ ਦੱਸਦਾ ਹੈ ਕਿ ਇੱਕ ਸਿੱਖ ਨੂੰ ਉਸ ਦਾ ਗੁਰੂ ਅਤੇ ਉਸ ਨਾਲ ਜੁੜੇ ਗੁਰਧਾਮ ਜਾਨ ਤੋਂ ਵੀ ਵੱਧ ਪਿਆਰੇ ਹੁੰਦੇ ਹਨ। ਇਤਿਹਾਸਕ ਪੰਨੇ ਫਰੋਲਿਆਂ ਪਤਾ ਲੱਗਦਾ ਹੈ ਕਿ ਲਾਹੌਰ ਦੇ ਸੂਬੇਦਾਰ ਖ਼ਾਨ ਬਹਾਦਰ ਜ਼ਕਰੀਆ ਖਾਨ ਨੇ ਸਿੱਖੀ ਦਾ ਖ਼ੁਰਾ-ਖੋਜ ਮਿਟਾਉਣ ਦੀ ਪੱਕੀ ਠਾਣ ਲਈ ਸੀ। ਇਸ ਠਾਣਤਾ ਦਾ ਭਾਈਵਾਲ ਉਸ ਨੇ ਪਿੰਡ ਮੜਿਆਣੀ ਦੇ ਵਸਨੀਕ ਚੌਧਰੀ ਮੱਸੇ ਰੰਗੜ ਨੂੰ ਵੀ ਬਣਾ ਲਿਆ। ਆਪਣੀ ਸਿੱਖ ਵਿਰੋਧੀ ਨੀਤੀ ਅਧੀਨ ਉਸ ਨੇ ਮੱਸੇ ਨੂੰ ਥਾਪੜਾ ਦੇ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਬੇਅਦਬ ਕਰਨ ਲਈ ਭੇਜ ਦਿੱਤਾ। ਹਕੂਮਤ ਦੇ ਇਸ ਥਾਪੜੇ ਨਾਲ ਰੰਗੜ ਦੀ ਬੁੱਧੀ ਭ੍ਰਿਸ਼ਟ ਹੋ ਗਈ ਅਤੇ ਉਹ ਹੰਕਾਰ ਦੇ ਘੋੜੇ 'ਤੇ ਸਵਾਰ ਹੋ ਕੇ ਮਨਆਈਆਂ ਕਰਨ ਲੱਗਾ। ਪਵਿੱਤਰ ਦਰਬਾਰ ਸਾਹਿਬ ਵਿੱਚ ਮੰਜਾ ਡਾਹ ਕੇ ਉਸ ਨੀਚ ਨੇ ਹੁੱਕੇ ਦੀ ਗੁੜਗੁੜਾਹਟ ਪੈਦਾ ਕਰ ਦਿੱਤੀ ਅਤੇ ਨਾਲ ਹੀ ਦਾਰੂ ਦਾ ਦੌਰ ਵੀ ਚਲਾ ਦਿੱਤਾ। ਜ਼ਾਮ ਦੇ ਛਲਕਾਅ ਅਤੇ ਵੇਸਵਾ ਦੀ ਅਦਾ ਨੇ ਉਸ ਨੂੰ ਮਦਹੋਸ਼ ਕਰਕੇ ਰੱਖ ਦਿੱਤਾ ਅਤੇ ਉਹ ਖ਼ੁਦਾ ਦਾ ਖ਼ੌਫ਼ ਭੁਲਾ ਕੇ ਬਹਿ ਗਿਆ। ਚੌਧਰੀ ਦਾ ਇਹ ਦੁਰਾਚਾਰੀ ਸਿਲਸਲਾ ਕੁੱਝ ਕੁ ਦਿਨ ਤੱਕ ਤਾਂ ਚੱਲਦਾ ਰਿਹਾ ਪਰ ਅਖੀਰ ਇਸ ਦੀ ਖ਼ਬਰ ਬੀਕਾਨੇਰ (ਰਾਜਸਥਾਨ) ਵਿਚ ਵਸਦੇ ਖ਼ਾਲਸੇ ਕੋਲ ਪਹੁੰਚ ਗਈ। ਇਹ ਖ਼ਬਰ ਪਹੁੰਚਾਉਣ ਵਾਲਾ ਪਿੰਡ ਕੰਗ ਦਾ ਵਾਸੀ ਭਾਈ ਬਲਾਕਾ ਸਿੰਘ ਸੀ। ਬੇਅਦਬੀ ਦੀ ਖ਼ਬਰ ਸੁਣਦਿਆਂ ਹੀ ਸਿੰਘਾਂ ਦਾ ਖ਼ੂਨ ਖੌਲ੍ਹਣ ਲੱਗਾ। ਇਸ ਖੌਲ੍ਹੇ ਖ਼ੂਨ ਦੀ ਬਦੌਲਤ ਜਥੇਦਾਰ ਬੁੱਢਾ ਸਿੰਘ ਨੇ ਸਿੰਘਾਂ ਨੂੰ ਸੰਬੋਧਨ ਕਰਕੇ ਕਿਹਾ, "ਖ਼ਾਲਸਾ ਜੀ ! ਵੈਰੀਆਂ ਨੇ ਸਾਡੇ ਗੁਰਧਾਮ 'ਤੇ ਕਬਜ਼ਾ ਕਰਕੇ ਗੁਰੂ-ਘਰ ਦੀ ਮਰਿਯਾਦਾ ਦਾ ਘਾਣ ਕਰ ਦਿੱਤਾ ਹੈ। ਜੇ ਅੱਜ ਅਸੀਂ ਇਸ ਮਰਿਯਾਦਾ ਨੂੰ ਕਾਇਮ ਨਾ ਰੱਖ ਸਕੇ ਤਾਂ ਆਪਣੇ ਗੁਰੂ ਨੂੰ ਮੂੰਹ ਦਿਖਾਉਣ ਦੇ ਕਾਬਿਲ ਨਹੀਂ ਰਹਾਂਗੇ। ਸੋ ਉੱਠੋ ! ਕੋਈ ਸੂਰਮਾ ਜਿਹੜਾ ਉਸ ਦੁਸ਼ਟ ਰੰਗੜ ਦਾ ਸਿਰ ਵੱਢ ਕੇ ਗੁਰੂ ਰਾਮਦਾਸ ਪਾਤਸ਼ਾਹ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੇ। ਜਥੇਦਾਰ ਬੁੱਢਾ ਸਿੰਘ ਦੀ ਵੰਗਾਰ ਸੁਣ ਕੇ ਇਕੱਠ ਵਿਚੋਂ ਦੋ ਸੂਰਮੇ ਭਾਈ ਸੁੱਖਾ ਸਿੰਘ ਮਾੜੀ ਕੰਬੋਕੀ ਅਤੇ ਭਾਈ ਮਹਿਤਾਬ ਸਿੰਘ ਮੀਰਾਂਕੋਟੀਆ ਉੱਠ ਖੜ੍ਹੇ ਹੋਏ ਅਤੇ ਹੱਥ ਜੋੜਕੇ ਕਹਿਣ ਲੱਗੇ ਕਿ, 'ਜਥੇਦਾਰ ਜੀ ! ਇਸ ਸੇਵਾ ਦਾ ਮੌਕਾ ਸਾਨੂੰ ਬਖਸ਼ੋ, ਅਸੀਂ ਵਾਅਦਾ ਕਰਦੇ ਹਾਂ ਕਿ ਜਾਂ ਤਾਂ ਉਸ ਪਾਪੀ ਦਾ ਸਿਰ ਵੱਢ ਕੇ ਪੰਥ ਦੀ ਝੋਲੀ ਵਿਚ ਪਾ ਦੇਵਾਂਗੇ ਜਾਂ ਫਿਰ ਆਪਣੇ ਸਿਰ (ਸ਼ਹੀਦ ਹੋ ਕੇ) ਗੁਰੂ ਦੇ ਲੇਖੇ ਲਾ ਦੇਵਾਂਗੇ।" ਜੇਕਰ ਸੀਸ ਲਗੇ ਗੁਰ ਅਰਥ। ਧੰਨ ਜਨਮ ਧੰਨ ਮਰਣ ਸਮਰੱਥ। (ਪ੍ਰਚੀਨ ਪੰਥ ਪ੍ਰਕਾਸ਼) ਵਾਅਦਾ ਕਰਕੇ ਦੋਵਾਂ ਸੂਰਮਿਆਂ ਨੇ ਅਰਦਾਸਾ ਸੋਧਿਆ ਅਤੇ ਮੱਸੇ ਦੀ ਮੌਤ ਬਣ ਕੇ ਬੀਕਾਨੇਰ ਤੋਂ ਸ੍ਰੀ ਅੰਮ੍ਰਿਤਸਰ ਵੱਲ ਨੂੰ ਰਵਾਨਾ ਹੋ ਗਏ। ਦੋਵਾਂ ਸਿੰਘਾਂ ਦੇ ਘੋੜੇ ਹਵਾ ਨਾਲ ਗੱਲਾਂ ਕਰਦੇ ਜਾ ਰਹੇ ਸਨ। ਰਸਤੇ ਵਿਚ ਇੱਕ ਖੂਹ 'ਤੇ ਠਹਿਰ ਕੇ ਦੋਵਾਂ ਨੇ ਜਲ ਛਕਿਆ ਅਤੇ ਮੱਸੇ ਨੂੰ ਮਜ਼ਾ ਚਖਾਉਣ ਦੀ ਵਿਉਂਤਬੰਦੀ ਕਰਨ ਲੱਗੇ। ਇਸ ਵਿਉਂਤਬੰਦੀ ਤਹਿਤ ਉਨ੍ਹਾਂ ਦੋਵਾਂ ਨੇ ਚੌਧਰੀਆਂ ਦਾ ਭੇਸ ਧਾਰਨ ਕੀਤਾ ਅਤੇ ਇਕ ਆਵੇ ਤੋਂ ਘੜੇ ਖ਼ੀਦ ਕੇ ਉਸ ਦੀਆਂ ਠੀਕਰੀਆਂ ਬਣਾ ਲਈਆਂ। ਇਹ ਠੀਕਰੀਆਂ ਥੈਲ਼ੀਆਂ ਵਿਚ ਭਰ ਕੇ ਉਹ ਆਪਣੀ ਮੰਜ਼ਿਲ ਵੱਲ ਵਧਣ ਲੱਗੇ। ਇਹ ਦਿਨ 11 ਅਗਸਤ 1740 ਦਾ ਹੈ। ਘੋੜਿਆਂ 'ਤੇ ਲੱਦੀਆਂ ਥੈਲੀਆਂ ਅਤੇ ਢਿੱਲੀ ਜਿਹੀ ਪੁਸ਼ਾਕ ਤੋਂ ਉਹ ਕਿਸੇ ਪਿੰਡ ਦੇ ਚੌਧਰੀ ਜਾਂ ਨੰਬਰਦਾਰ ਲੱਗਦੇ ਸਨ। ਦੁਪਹਿਰ ਦਾ ਸਮਾਂ ਸੀ ਅਤੇ ਮੁਗ਼ਲ ਸਿਪਾਹੀ ਆਰਾਮ ਕਰ ਰਹੇ ਸਨ। ਜਿਹੜੇ ਜਾਗ ਰਹੇ ਸਨ ਉਨ੍ਹਾਂ ਨੂੰ ਵੀ ਇੰਝ ਲੱਗਾ ਕਿ ਇਹ ਕੋਈ ਚੌਧਰੀ ਹਨ ਜਿਹੜੇ ਮਾਮਲਾ ਤਾਰਣ ਆਏ ਹੋਣਗੇ। ਮਾਹੌਲ ਦਾ ਲਾਹਾ ਲੈ ਕੇ ਦੋਵੇਂ ਸਿੰਘ ਘੋੜਿਆਂ ਸਮੇਤ ਪ੍ਰਕਰਮਾ ਵਿਚ ਪਹੁੰਚ ਗਏ। ਦਰਬਾਰ ਸਾਹਿਬ ਦੇ ਸਨਮੁੱਖ ਹੋ ਕੇ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਨੇ ਅਰਦਾਸ ਕੀਤੀ- 'ਧੰਨ ਧੰਨ ! ਗੁਰੂ ਰਾਮਦਾਸ ਪਾਤਸ਼ਾਹ ਸੇਵਕਾਂ ਦੀ ਲਾਜ ਰੱਖਣੀ ਅਤੇ ਬਖ਼ਸ਼ਿਸ਼ ਕਰਨੀ ਕਿ ਅਸੀਂ ਆਪਣੇ ਮਨੋਰਥ ਵਿਚ ਕਾਮਯਾਬ ਹੋ ਕੇ ਕੀਤੇ ਹੋਏ ਵਾਅਦੇ ਨੂੰ ਨਿਭਾਅ ਸਕੀਏ ਅਤੇ ਨਾਲ ਹੀ ਘੋੜਿਆਂ ਸਮੇਤ ਪ੍ਰਕਰਮਾ ਵਿਚਲੇ ਪ੍ਰਵੇਸ਼ ਦੀ ਖਿਮਾਂ ਵੀ ਮੰਗ ਲਈ।' ਅਰਦਾਸ ਕਰਕੇ ਦੋਵੇਂ ਜਣੇ ਸ੍ਰੀ ਹਰਿਮੰਦਰ ਸਾਹਿਬ ਵੱਲ ਵੱਧਣ ਲੱਗੇ। ਦਰਬਾਰ ਵਿਚ ਪਹੁੰਚ ਕੇ ਸਿੰਘਾਂ ਨੇ ਦੇਖਿਆ ਕਿ ਜਿਥੇ ਕਦੇ ਰੱਬ ਦੀ ਕੀਰਤੀ ਗਾਈ ਜਾਂਦੀ ਸੀ ਉਸ ਸਥਾਨ ਮੱਸੇ ਦੀ ਮਸਤੀ ਚੱਲ ਰਹੀ ਸੀ। ਵੇਸਵਾ ਦਾ ਨਾਚ ਹੋ ਰਿਹਾ ਸੀ ਅਤੇ ਦਾਰੂ ਵਰਤ ਰਹੀ ਸੀ। ਹਕੂਮਤੀ ਸ਼ਹਿ 'ਤੇ ਰੰਘੜ ਖ਼ਾਲਸੇ ਦਾ ਖ਼ੌਫ ਭੁਲਾਈ ਬੈਠਾ ਸੀ। ਦੋਵੇਂ ਸਿੰਘ ਚੌਧਰੀ ਦੇ ਪਲੰਘ ਕੋਲ ਪਹੁੰਚ ਗਏ ਅਤੇ ਕਹਿਣ ਲੱਗੇ ਕਿ 'ਬੜੇ ਸਮੇਂ ਦਾ ਹਿਸਾਬ ਬਕਾਇਆ ਸੀ ਜੋ ਕਰਨ ਵਾਸਤੇ ਆਏ ਹਾਂ।' ਇਹ ਕਹਿ ਕੇ ਉਨ੍ਹਾਂ ਦੋਵਾਂ ਨੇ ਥੈਲੀਆਂ ਪਲੰਘ ਹੇਠਾਂ ਸੁੱਟ ਦਿੱਤੀਆਂ। ਪਲੰਘ ਹੇਠਲੀਆਂ ਥੈਲੀਆਂ ਨੂੰ ਚੁੱਕਣ ਲਈ ਜਦੋਂ ਚੌਧਰੀ ਹੇਠਾਂ ਵੱਲ ਝੁਕਿਆ ਤਾਂ ਭਾਈ ਮਹਿਤਾਬ ਸਿੰਘ ਮੀਰਾਂਕੋਟੀਏ ਨੇ ਕ੍ਰਿਪਾਨ ਦੇ ਇੱਕ ਵਾਰ ਨਾਲ ਹੀ ਉਸ ਦਾ ਸਿਰ ਵੱਢ ਦਿੱਤਾ। ਖ਼ਾਲਸੇ ਦਾ ਇਹ ਕੌਤਕ ਦੇਖ ਕੇ ਵੇਸਵਾ ਨੂੰ ਨੱਚਣਾ ਭੁੱਲ ਗਿਆ ਅਤੇ ਸਾਜੀਆਂ ਦੀਆਂ ਸੁਰਾਂ ਗੁਆਚ ਗਈਆਂ। ਦਰਬਾਰ ਵਿਚ ਹਲਚਲ ਮੱਚ ਗਈ। ਇਸ ਤੋਂ ਪਹਿਲਾਂ ਕਿ ਕਿਸੇ ਨੂੰ ਘਟਨਾ ਦੀ ਪੂਰੀ ਸਮਝ ਲੱਗਦੀ, ਦੋਵਾਂ ਨੇ ਡਿੱਗੇ ਹੋਏ ਸਿਰ ਨੂੰ ਸੰਭਾਲ ਲਿਆ ਅਤੇ ਲਾਚੀ ਬੇਰੀ ਕੋਲ ਪਹੁੰਚ ਗਏ। ਘੋੜਿਆਂ ਕੋਲ ਆ ਕੇ ਉਨ੍ਹਾਂ ਨੇ ਮੱਸੇ ਦਾ ਸਿਰ ਨੇਜ਼ੇ 'ਤੇ ਟੰਗ ਲਿਆ ਤੇ ਜੈਕਾਰੇ ਗਜਾਉਂਦੇ ਹੋਏ ਪ੍ਰਕਰਮਾ ਵਿਚੋਂ ਬਾਹਰ ਨਿਕਲ ਗਏ। ਪਾਪਾਂ ਦਾ ਬੁਰਜ ਢਾਹ ਕੇ ਸਿਦਕੀ ਸਿੱਖਾਂ ਨੇ ਗੁਰੂ ਰਾਮਦਾਸ ਦਾ ਸ਼ੁਕਰਾਨਾ ਕੀਤਾ ਅਤੇ ਵਾਪਸੀ ਲਈ ਚਾਲੇ ਪਾ ਦਿੱਤੇ। ਬੀਕਾਨੇਰ ਪਹੁੰਚ ਕੇ ਸਿੰਘਾਂ ਨੇ ਸੱਜੇ ਹੋਏ ਦੀਵਾਨ ਵਿਚ 'ਮੱਸੇ ਦਾ ਸਿਰ' ਜਥੇਦਾਰ ਬੁੱਢਾ ਸਿੰਘ ਨੂੰ ਭੇਟ ਕਰ ਦਿੱਤਾ ਅਤੇ ਸਾਬਤ ਕਰ ਦਿੱਤਾ ਕਿ ਗੁਰ-ਅਸਥਾਨ ਸਿੱਖਾਂ ਨੂੰ ਆਪਣੀ ਜਾਨ ਤੋਂ ਵੀ ਵੱਧ ਪਿਆਰੇ ਹੁੰਦੇ ਹਨ। ਇਨ੍ਹਾਂ ਦੀ ਬੇਅਦਬੀ ਨੂੰ ਸਿੱਖ ਆਪਣੀ ਬੇਅਦਬੀ ਸਮਝਦਾ ਹੈ ਅਤੇ ਆਪਣਾ ਮਾਲਾ ਵਾਲਾ ਹੱਥ ਕ੍ਰਿਪਾਨ ਵੱਲ ਵਧਾ ਦਿੰਦਾ ਹੈ। ਧਰਮ (ਸੱਚ) ਦੀ ਖ਼ਾਤਰ ਵਧਿਆ ਇਹ ਹੱਥ ਕਈ ਵਾਰ ਵੱਡੀ ਕਰਾਮਾਤ ਵੀ ਕਰ ਦਿਖਾਉਂਦਾ ਹੈ। ਇਸ ਤਰ੍ਹਾਂ ਦੀਆਂ ਕਈ ਕਰਾਮਾਤਾਂ ਸਮੇਂ-ਸਮੇਂ ਸਿੱਖ ਇਤਿਹਾਸ ਦਾ ਅੰਗ ਬਣਦੀਆਂ ਆ ਰਹੀਆਂ ਹਨ। ਇਸ ਕਰਾਮਾਤੀ (ਬਹਾਦਰੀ ਵਾਲੇ) ਕਾਰਨਾਮੇ ਤੋਂ ਬਾਅਦ ਮੱਸੇ ਦਾ ਪਰਿਵਾਰ ਖਾਨ ਬਹਾਦਰ ਜ਼ਕਰੀਆ ਖਾਨ ਦੇ ਦਰਬਾਰ ਵਿਚ ਪੇਸ਼ ਹੋਇਆ ਅਤੇ ਭੁੱਬਾਂ ਮਾਰ ਕੇ ਰੋਣ ਲੱਗਾ। ਖਾਨ ਨੇ ਅੰਮ੍ਰਿਤਸਰ ਦੇ ਨੇੜਲੇ ਚੌਧਰੀਆਂ ਨੂੰ ਦਰਬਾਰ ਵਿਚ ਬੁਲਾਇਆ ਅਤੇ ਚੌਧਰੀ ਮੱਸੇ ਦੇ ਕਾਤਲਾਂ ਦੀ ਸੂਹ ਲਾਉਣ ਦਾ ਹੁਕਮ ਦਿੱਤਾ। ਮੌਕੇ 'ਤੇ ਹਾਜ਼ਰ ਹਰਭਗਤ ਨਿਰੰਜਨੀਏ ਜੰਡਿਆਲੇ ਵਾਲੇ ਨੇ ਸੂਹ ਦਿੱਤੀ ਕਿ ਇਹ ਕਾਰਜ ਭਾਈ ਮਹਿਤਾਬ ਸਿੰਘ ਮੀਰਾਂ ਕੋਟੀਏ ਅਤੇ ਸੁੱਖਾ ਸਿੰਘ ਮਾੜੀ ਕੰਬੋਕੀ ਵਾਲੇ ਨੇ ਕੀਤਾ ਹੈ। ਨਿਰੰਜਨੀਏ ਦੀ ਮੁਖ਼ਬਰੀ ਦੇ ਮੁਤਾਬਿਕ ਫ਼ੌਜਦਾਰ ਨੂਰਦੀਨ ਦੀ ਅਗਵਾਈ ਹੇਠ ਫੌਜ ਨੇ ਪਿੰਡ ਮੀਰਾਂ ਕੋਟ ਨੂੰ ਘੇਰਾ ਪਾ ਲਿਆ। ਮਹਿਤਾਬ ਸਿੰਘ ਤਾਂ ਉੱਥੇ ਹੈ ਨਹੀਂ ਸੀ ਪਰ ਉਸ ਦਾ ਪੁੱਤਰ ਰਾਇ ਸਿੰਘ ਆਪਣੇ ਤਾਏ (ਭਾਈ ਸਾਹਿਬ ਦੇ ਪੱਗ ਵੱਟ ਭਰਾ) ਨੱਥੇ ਖਹਿਰੇ ਕੋਲ ਰਹਿ ਰਿਹਾ ਸੀ। ਨੂਰਦੀਨ ਨੇ ਨੱਥੇ ਖਹਿਰੇ ਨੂੰ ਕਿਹਾ ਕਿ ਉਹ ਰਾਇ ਸਿੰਘ ਨੂੰ ਉਸ ਦੇ ਹਵਾਲੇ ਕਰ ਦੇਵੇ ਪਰ ਨੱਥੇ ਨੇ ਭਾਈ ਮਹਿਤਾਬ ਸਿੰਘ ਨਾਲ ਵਟਾਈ ਹੋਈ ਪੱਗ ਨੂੰ ਦਾਗ ਨਹੀਂ ਲੱਗਣ ਦਿੱਤਾ। ਬਾਲਕ ਰਾਇ ਸਿੰਘ ਨੂੰ ਮੋਢਿਆਂ 'ਤੇ ਚੱਕ ਕੇ ਉਹ, ਆਪਣੇ ਤਿੰਨ-ਚਾਰ ਸਾਥੀਆਂ ਸਮੇਤ ਪਿਛਲੇ ਪਾਸਿਓਂ ਬਾਹਰ ਨਿਕਲ ਗਿਆ। ਸ਼ਾਹੀ ਫੌਜ ਨੇ ਪਿੱਛਾ ਕਰਕੇ ਇਨ੍ਹਾਂ ਸਾਰਿਆਂ ਨੂੰ ਘੇਰ ਲਿਆ। ਘਮਸਾਨ ਦੀ ਲੜ੍ਹਾਈ ਵਿਚ ਨੱਥਾ ਖਹਿਰਾ ਅਤੇ ਉਸ ਦੇ ਸਾਥੀ ਸ਼ਹੀਦ ਹੋ ਗਏ ਅਤੇ ਰਾਇ ਸਿੰਘ ਸਖਤ ਜ਼ਖਮੀ ਹੋਣ ਕਰਕੇ ਬੇਹੋਸ਼ ਹੋ ਗਿਆ। ਫੌਜੀਆਂ ਨੇ ਉਸ ਨੂੰ ਵੀ ਮਰਿਆ ਹੋਇਆ ਸਮਝ ਕੇ ਛੱਡ ਦਿੱਤਾ। ਉਸ ਦੇ ਸਾਹ ਚੱਲਦੇ ਦੇਖ ਕੇ ਇਕ ਦਇਆਵਾਨ ਇਸਤਰੀ ਕੰਬੋ ਉਸ ਨੂੰ ਆਪਣੇ ਘਰ ਲੈ ਗਈ ਅਤੇ ਉਸ ਦੀ ਸੇਵਾ-ਸੰਭਾਲ ਨਾਲ ਉਹ ਤੰਦਰੁਸਤ ਹੋ ਗਿਆ। ਇੱਕ ਦਿਨ ਆਪਣੇ ਪੁੱਤਰ ਨੂੰ ਮਿਲਣ ਲਈ ਭਾਈ ਮਹਿਤਾਬ ਸਿੰਘ ਪਿੰਡ ਮੀਰਾਂ ਕੋਟ ਆਇਆ, ਜਿਸ ਦੀ ਭਿਣਕ ਨਿਰੰਜਨੀਏ ਨੂੰ ਵੀ ਪੈ ਗਈ ਅਤੇ ਉਸ ਨੇ ਭਾਈ ਸਾਹਿਬ ਨੂੰ ਫੜਾ ਦਿੱਤਾ। ਜੰਜ਼ੀਰਾਂ ਵਿਚ ਜਕੜ ਕੇ ਭਾਈ ਮਹਿਤਾਬ ਸਿੰਘ ਨੂੰ ਲਾਹੌਰ ਦਰਬਾਰ ਵਿਚ ਪੇਸ਼ ਕੀਤਾ ਗਿਆ। ਸਵਾਲ ਜਵਾਬ ਕਰਨ ਤੋਂ ਬਾਅਦ ਜ਼ਕਰੀਆ ਖਾਨ ਨੇ ਉਸ ਨੂੰ ਇਸਲਾਮ ਕਬੂਲ਼ ਕਰਨ ਲਈ ਕਿਹਾ ਤਾਂ ਜੋ ਉਸ ਦੀ ਜਾਨ ਬਖਸ਼ੀ ਜਾ ਸਕੇ। ਸਿਦਕੀ ਸਿੱਖ ਨੇ ਜਾਨ ਬਚਾਉਣ ਦੀ ਬਜਾਏ ਜਾਨ ਕੁਰਬਾਨ ਕਰਨ ਨੂੰ ਤਰਜ਼ੀਹ ਦਿੱਤੀ। ਸਿੱਟੇ ਵਜੋਂ 1745 ਈ. (ਸੰਮਤ1802) ਨੂੰ ਜਾਲਮਾਂ ਨੇ ਉਸ ਨੂੰ ਚਰਖੜੀ 'ਤੇ ਚਾੜ ਕੇ ਸ਼ਹੀਦ ਕਰ ਦਿੱਤਾ ਅਤੇ ਉਸ ਦਾ ਸੀਸ ਵੱਢ ਕੇ ਲਾਹੌਰ ਦੀ ਹੀਰਾ ਮੰਡੀ ਵਿਚ ਟੰਗ ਦਿੱਤਾ ਗਿਆ।

ਮੱਸੇ ਦੀ ਮੌਤ ਤੋਂ ਬਾਅਦ ਭਾਈ ਸੁੱਖਾ ਸਿੰਘ ਮਾੜੀ ਕੰਬੋਕੀ ਵਾਲਾ ਸਿੱਖੀ ਦੀ ਚੜ੍ਹਦੀ ਕਲਾ ਅਤੇ ਖ਼ਾਲਸਾ ਰਾਜ ਦੀ ਕਾਇਮੀ ਲਈ ਲਗਾਤਾਰ ਸਰਗਰਮ ਰਿਹਾ। ਉਸ ਨੇ 1740 ਈ. ਤੋਂ ਲੈ ਕੇ 1753 ਈਂ ਤੱਕ ਆਪਣੀ ਜੂਝਾਰੂ ਭੂਮਿਕਾ ਨਿਭਾਈ। ਸੰਨ 1746 ਵਿਚ ਜਦੋਂ ਯਾਹੀਆ ਖਾਂ ਤੇ ਲਖਪਤ ਰਾਏ ਨੇ ਸਿੱਖਾਂ 'ਤੇ ਹਮਲਾ ਕੀਤਾ ਤਾਂ ਉਸ ਦਾ ਮੁਕਾਬਲਾ ਕਰਨ ਵਾਲੇ ਸੂਰਮੇ ਸਿੱਖਾਂ ਵਿਚ ਭਾਈ ਸੁੱਖਾ ਸਿੰਘ ਵੀ ਸ਼ਾਮਿਲ ਸੀ। ਉਹ ਲਖਪਤ ਰਾਏ ਦਾ ਖਾਤਮਾ ਕਰਨ ਦਾ ਚਾਹਵਾਨ ਸੀ ਪਰ ਉਹ (ਲਖਪਤ) ਉਸ ਦੇ ਹੱਥ ਨਹੀਂ ਆਇਆ।




## ਓਲੰਪਿਕ ਖੇਡਾਂ ਸੰਪੰਨ

# ਪੈਰਿਸ 'ਚ ਹੋਏ ਵਿਵਾਦ ਜਿਨ੍ਹਾਂ ਦੀ ਹਮੇਸ਼ਾ ਚਰਚਾ ਰਹੇਗੀ

ਫਰਾਂਸ ਦੀ ਰਾਜਧਾਨੀ ਪੈਰਿਸ ਚ 26 ਜੁਲਾਈ ਤੋਂ ਸ਼ੁਰੂ ਹੋਏ ਮਹਾ ਕੁੰਭ ਓਲੰਪਿਕ 2024 ਐਤਵਾਰ ਨੂੰ ਸੰਪੰਨ ਹੋ ਗਿਆ।ਓਲੰਪਿਕ ਸਮਾਪਤੀ ਸਮਾਗਮ ਦਾ ਪ੍ਰਬੰਧ ਅੱਧੀ ਰਾਤ 12.30 ਵਜੇ ਪੈਰਿਸ ਦੇ ਸਟੇਡੀਅਮ ਵਿੱਚ ਕੀਤਾ ਗਿਆ ਸੀ।ਇਸ ਸਮਾਪਤੀ ਸਮਾਗਮ ਵਿੱਚ ਅਮਰੀਕੀ ਕਲਾਕਾਰਾਂ ਬਿਲੀ ਇਲਿਸ਼, ਸਨੂਪ ਡੌਗ ਅਤੇ ਰੈੱਡ ਹੌਟ ਚਿਲੀ ਪੇਪਰਜ਼ ਨੇ ਆਪਣੀ ਕਲਾ ਦਾ ਮੁਜ਼ਾਹਰਾ ਕੀਤਾ।ਸਮਾਪਤੀ ਸਮਾਗਮ ਵਿੱਚ ਹਾਲੀਵੁੱਡ ਅਦਾਕਾਰ ਟੌਮ ਕਰੂਜ਼ ਨੇ ਵੀ ਸ਼ਿਰਕਤ ਕੀਤੀ।ਸਮਾਗਮ ਦੌਰਾਨ, ਸਾਰੇ ਜੇਤੂ ਐਥਲੀਟਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਓਲੰਪਿਕ ਝੰਡਾ ਲਾਸ ਏਂਜਲਸ ਨੂੰ ਸੌਂਪਿਆ ਗਿਆ, ਜੋ ਕਿ 2028 ਵਿੱਚ ਹੋਣ ਵਾਲੀਆਂ ਗਰਮੀਆਂ ਦੀਆਂ ਓਲੰਪਿਕ ਖੇਡਾਂ ਦਾ ਅਗਲਾ ਮੇਜ਼ਬਾਨ ਹੈ।ਇਸ ਸਮਾਗਮ ਵਿੱਚ ਭਾਰਤ ਲਈ ਝੰਡਾ ਬਰਦਾਰ







ਨਿਸ਼ਾਨੇਬਾਜ਼ ਮਨੂ ਭਾਕਰ ਅਤੇ ਹਾਕੀ ਟੀਮ ਦੇ ਗੋਲਕੀਪਰ ਪੀਆਰ ਸ਼੍ਰੀਜੇਸ਼ ਸਨ।

**ਅਮਰੀਕਾ ਮੈਡਲ ਦੀ ਦੌੜ ਵਿੱਚ ਸਭ ਤੋਂ ਉੱਤੇ**

ਪੈਰਿਸ ਓਲੰਪਿਕ ਵਿੱਚ ਅਮਰੀਕਾ 126 ਤਗਮਿਆਂ (40 ਸੋਨ, 44 ਚਾਂਦੀ ਅਤੇ 42 ਕਾਂਸੀ) ਨਾਲ ਤਗਮਾ ਸੂਚੀ ਵਿੱਚ ਸਿਖਰ ਤੇ ਰਿਹਾ। ਜਦਕਿ ਚੀਨ 91 ਤਗਮਿਆਂ (40 ਸੋਨ, 27 ਚਾਂਦੀ ਅਤੇ 24 ਕਾਂਸੀ) ਦੇ ਨਾਲ ਦੂਜੇ ਸਥਾਨ ਤੇ ਰਿਹਾ। ਤਗਮਾ ਸੂਚੀ ਵਿੱਚ ਜਾਪਾਨ ਤੀਜੇ ਸਥਾਨ ਤੇ ਰਿਹਾ, ਜਿਸ ਨੇ 20 ਸੋਨੇ ਸਣੇ ਕੁੱਲ 45 ਤਗਮੇ ਹਾਸਲ ਕੀਤੇ। ਇਸ ਓਲੰਪਿਕ ਵਿੱਚ ਲਗਭਗ 114 ਦੇਸ਼ ਅਜਿਹੇ ਹਨ, ਜਿਨ੍ਹਾਂ ਨੂੰ ਕੋਈ ਤਗਮਾ ਨਹੀਂ ਮਿਲਿਆ ਹੈ। ਟੋਕੀਓ ਚ ਅਮਰੀਕਾ 39 ਸੋਨੇ ਦੇ ਨਾਲ ਸ਼ਿਖ਼ਰ ਤੇ ਹੈ ਜਦਕਿ ਚੀਨ 38 ਸੋਨੇ ਦੇ ਨਾਲ ਦੂਜੇ ਸਥਾਨ ਤੇ ਹੈ। ਇਸ ਓਲੰਪਿਕ ਵਿੱਚ ਭਾਰਤ ਦੇ ਮੈਡਲਾਂ ਦੀ ਗਿਣਤੀ ਇੱਕ ਚਾਂਦੀ ਅਤੇ ਪੰਜ ਕਾਂਸੀ ਦੇ ਤਗਮਿਆਂ ਨਾਲ 6 ਸੀ। ਪੈਰਿਸ ਓਲੰਪਿਕ ਦੀ ਤਗਮਾ ਸੂਚੀ ਚ ਭਾਰਤ ਫਿਲਹਾਲ 71ਵੇਂ ਸਥਾਨ ਤੇ ਹੈ। ਤਿੰਨ ਸਾਲ ਪਹਿਲਾਂ ਹੋਈਆਂ ਟੋਕੀਓ ਓਲੰਪਿਕ 2020 ਵਿੱਚ, ਭਾਰਤ ਸੱਤ ਤਗਮਿਆਂ (ਜਿਸ ਵਿੱਚੋਂ ਇੱਕ ਸੋਨੇ ਦਾ ਸੀ) ਦੇ ਨਾਲ ਤਗਮਾ ਸੂਚੀ ਵਿੱਚ 48ਵੇਂ ਸਥਾਨ ਤੇ ਸੀ। ਮਹਿਲਾ ਭਲਵਾਨ ਵਿਨੇਸ਼ ਫੋਗਾਟ ਨੂੰ ਮੈਚ ਤੋਂ ਕੁਝ ਘੰਟੇ ਪਹਿਲਾਂ 100 ਗ੍ਰਾਮ ਭਾਰ ਵਧਣ ਕਾਰਨ ਅਯੋਗ ਕਰਾਰ ਦਿੱਤਾ ਗਿਆ ਸੀ। ਉਸ ਨੂੰ ਕੋਈ ਤਗਮਾ ਦੇਣ ਤੋਂ ਵੀ ਇਨਕਾਰ ਕਰ ਦਿੱਤਾ ਗਿਆ ਸੀ।ਇਸ ਮਾਮਲੇ ਚ ਉਨ੍ਹਾਂ ਦੀ ਅਪੀਲ ਤੇ ਅਜੇ ਫ਼ੈਸਲਾ ਆਉਣਾ ਬਾਕੀ ਹੈ। ਜੇਕਰ ਫ਼ੈਸਲਾ ਪੱਖ ਵਿੱਚ ਆਉਂਦਾ ਹੈ ਤਾਂ ਭਾਰਤ ਦੇ ਸੱਤ ਤਗਮੇ ਹੋ ਜਾਣਗੇ।ਫੋਗਾਟ ਨੇ ਅਯੋਗ ਕਰਾਰ ਦਿੱਤੇ ਜਾਣ ਤੋਂ ਬਾਅਦ ਖੇਡਾਂ ਲਈ ਆਰਬਿਟਰੇਸ਼ਨ ਫਾਰ ਸਪੋਰਟ ਵਿੱਚ ਚੁਣੌਤੀ ਦਿੱਤੀ ਸੀ ਅਤੇ ਉਹ 13 ਅਗਸਤ ਸ਼ਾਮੀਂ 6 ਵਜੇ ਆਪਣਾ ਫ਼ੈਸਲਾ ਸੁਣਾਉਣਗੇ।ਪਾਕਿਸਤਾਨ ਇਸ ਸਾਲ ਦੇ ਓਲੰਪਿਕ ਮੁਕਾਬਲੇ ਚ 62ਵੇਂ ਸਥਾਨ ਤੇ ਰਿਹਾ ਹੈ। ਉਸ ਨੂੰ ਸਿਰਫ਼ ਇੱਕ ਗੋਲਡ ਮੈਡਲ ਮਿਲਿਆ ਹੈ।

**ਕੁਝ ਵਿਵਾਦ ਜਿਨ੍ਹਾਂ ਦੀ ਚਰਚਾ ਰਹੇਗੀ**

ਇਸ ਸਾਲ ਦੀਆਂ ਓਲੰਪਿਕ ਖੇਡਾਂ ਵਿੱਚ ਭਾਰਤੀ ਭਲਵਾਨ ਵਿਨੇਸ਼ ਫੋਗਾਟ ਦੀ ਅਯੋਗਤਾ, ਮੁੱਕੇਬਾਜ਼ ਇਮਾਨ ਖ਼ਲੀਫ਼ ਅਤੇ ਲਿਨ ਯੂ ਟਿੰਗ ਨਾਲ ਲਿੰਗ ਵਿਵਾਦ ਅਤੇ ਅਰਮੀਨੀਆ ਦੀ ਜਿਮਨਾਸਟ ਜਾਰਡਨ ਚਿਲੀਜ਼ ਤੋਂ ਕਾਂਸੀ ਦਾ ਤਗਮਾ ਖੋਹਿਆ ਜਾਣ ਦੇ ਕੁਝ ਵਿਵਾਦ ਸੁਰਖ਼ੀਆਂ ਵਿੱਚ ਰਹਿਣਗੇ।ਭਲਵਾਨ ਵਿਨੇਸ਼ ਫੋਗਾਟ ਨੂੰ ਓਲੰਪਿਕ ਦੇ ਫਾਈਨਲ ਮੈਚ ਤੋਂ ਠੀਕ ਪਹਿਲਾਂ ਕੁਝ ਗ੍ਰਾਮ ਜ਼ਿਆਦਾ ਭਾਰ ਹੋਣ ਕਾਰਨ ਅਯੋਗ ਕਰਾਰ ਦਿੱਤਾ ਗਿਆ ਸੀ।ਵਿਨੇਸ਼ ਫੋਗਾਟ ਨੂੰ ਫਾਈਨਲ ਵਿੱਚ ਪਹੁੰਚ ਕੇ ਚਾਂਦੀ ਦਾ ਤਗ਼ਮਾ ਪੱਕਾ ਕਰ ਲਿਆ ਸੀ ਪਰ ਉਸ ਨੂੰ ਚਾਂਦੀ ਵੀ ਨਹੀਂ ਮਿਲੀ ਕਿਉਂਕਿ ਉਸ ਦਾ ਭਾਰ 50 ਕਿਲੋ ਤੋਂ 100 ਗ੍ਰਾਮ ਵੱਧ ਸੀ।ਮਹਿਲਾ ਮੁੱਕੇਬਾਜ਼ੀ ਦੇ ਇੱਕ ਮੈਚ ਵਿੱਚ ਉਸ ਸਮੇਂ ਵੱਡਾ ਵਿਵਾਦ ਖੜ੍ਹਾ ਹੋ ਗਿਆ ਜਦੋਂ ਅਲਜੀਰੀਆ ਦੀ ਮੁੱਕੇਬਾਜ਼ ਇਮਾਨ ਖ਼ਲੀਫ਼ ਖ਼ਿਲਾਫ਼ ਰਿੰਗ ਵਿੱਚ ਦਾਖ਼ਲ ਹੋਈ ਇਤਾਲਵੀ ਮੁੱਕੇਬਾਜ਼ ਐਂਜੇਲਾ ਕੈਰੀਨੀ 46 ਸਕਿੰਟ ਬਾਅਦ ਮੈਚ ਛੱਡ ਕੇ ਚਲੀ ਗਈ।ਖ਼ਲੀਫ਼ ਪੈਰਿਸ ਓਲੰਪਿਕ ਦੇ ਉਨ੍ਹਾਂ ਦੋ ਐਥਲੀਟਾਂ ਚ ਸ਼ਾਮਲ ਸੀ, ਜਿਨ੍ਹਾਂ ਨੂੰ ਲਿੰਗ ਯੋਗਤਾ ਪ੍ਰੀਖਿਆ ਚ ਅਸਫ਼ਲ ਰਹਿਣ ਕਾਰਨ ਪਿਛਲੇ ਸਾਲ ਵਿਸ਼ਵ ਚੈਂਪੀਅਨਸ਼ਿਪ ਚੋਂ ਬਾਹਰ ਕਰ ਦਿੱਤਾ ਗਿਆ ਸੀ।ਹਾਲਾਂਕਿ, ਦੋਵਾਂ ਨੂੰ ਪੈਰਿਸ ਓਲੰਪਿਕ ਵਿੱਚ ਖੇਡਣ ਦੀ ਇਜਾਜ਼ਤ ਦਿੱਤੀ ਗਈ ਸੀ ਅਤੇ ਇਮਾਨ ਖ਼ਲੀਫ਼ ਨੇ ਆਪਣੇ ਚੀਨੀ ਵਿਰੋਧੀ ਨੂੰ ਹਰਾ ਕੇ ਸੋਨ ਤਗਮਾ ਜਿੱਤਿਆ ਸੀ ਜਦਕਿ ਦੂਜੀ ਖਿਡਾਰਨ, ਤਾਈਵਾਨ ਦੀ ਮੁੱਕੇਬਾਜ਼ ਲਿਨ ਯੂ-ਟਿੰਗ ਨੇ ਵੀ ਪੋਲੈਂਡ ਦੀ 20 ਸਾਲਾ ਮੁੱਕੇਬਾਜ਼ ਜੂਲੀਆ ਸਜ਼ੇਰੇਮੇਟਾ ਨੂੰ ਹਰਾ ਕੇ ਸੋਨ ਤਗਮਾ ਜਿੱਤਿਆ ਸੀ।ਇਸ ਲਿੰਗ ਵਿਵਾਦ ਦਾ ਅਸਰ ਅਗਲੀਆਂ ਲਾਸ ਏਂਜਲਸ ਓਲੰਪਿਕ ਤੇ ਵੀ ਪੈ ਸਕਦਾ ਹੈ ਕਿਉਂਕਿ ਦੋਵੇਂ ਖਿਡਾਰੀ ਫਿਰ ਦੌੜ ਚ ਹੋਣਗੇ।ਤੀਜਾ ਵੱਡਾ ਵਿਵਾਦ ਅਰਮੀਨੀਆਈ ਜਿਮਨਾਸਟ ਜਾਰਡਨ ਚਿਲੀਜ਼ ਨੂੰ ਲੈ ਕੇ ਹੋਇਆ, ਜੋ ਸ਼ੁਰੂ ਵਿੱਚ ਪੰਜਵੇਂ ਸਥਾਨ 'ਤੇ ਰਹੀ ਪਰ ਰੋਮਾਨੀਆ ਦੀ ਓਲੰਪਿਕ ਕਮੇਟੀ ਨੇ ਅਮਰੀਕੀ ਟੀਮ ਵੱਲੋਂ ਦਿੱਤੇ ਸਕੋਰ ਨੂੰ ਚੁਣੌਤੀ ਦਿੱਤੀ ਸੀ।ਕਿਉਂਕਿ ਅਰਮੇਨੀਅਨ ਜਿਮਨਾਸਟ ਟੀਮ ਦੀਆਂ ਹਦਾਇਤਾਂ ਅਨੁਸਾਰ ਚਿਲੀਜ਼ ਦਾ ਸਕੋਰ 13.666 ਤੋਂ ਬਦਲ ਕੇ 13.766 ਕਰ ਦਿੱਤਾ ਗਿਆ ਅਤੇ ਉਹ ਪੰਜਵੇਂ ਸਥਾਨ ਤੋਂ ਤੀਜੇ ਸਥਾਨ ਤੇ ਆ ਗਈ ਸੀ।ਪਰ ਰੋਮਾਨੀਆ ਦੀ ਜਿਮਨਾਸਟ ਬਾਰਬੋਸ ਦਾ ਸਕੋਰ 13.7 ਰਿਹਾ ਅਤੇ ਉਸ ਵੱਲੋਂ ਇਸ ਫ਼ੈਸਲੇ ਨੂੰ ਚੁਣੌਤੀ ਦਿੱਤੀ ਗਈ ਸੀ। ਜਿਸ ਨੂੰ ਬਾਅਦ ਵਿੱਚ ਕੋਰਟ ਆਫ ਆਰਬਿਟਰੇਸ਼ਨ ਨੇ ਸਵੀਕਾਰ ਕਰ ਲਿਆ ਸੀ।

**ਆਖ਼ਰੀ ਦਿਨ ਆਈਫਲ ਟਾਵਰ ਤੇ ਹੰਗਾਮਾ ਹੋਇਆ**

ਓਲੰਪਿਕ ਦੇ ਸਮਾਪਤੀ ਸਮਾਗਮ ਤੋਂ ਕੁਝ ਘੰਟੇ ਪਹਿਲਾਂ ਇੱਕ ਵਿਅਕਤੀ ਦੇ ਆਈਫਲ ਟਾਵਰ ਤੇ ਚੜ੍ਹਨ ਦੀ ਖ਼ਬਰ ਨੇ ਸੁਰੱਖਿਆ ਏਜੰਸੀਆਂ ਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਸੀ।ਪੈਰਿਸ ਪੁਲਿਸ ਨੇ ਬੀਬੀਸੀ ਨੂੰ ਦੱਸਿਆ, ਓਲੰਪਿਕ ਸਮਾਪਤੀ ਸਮਾਗਮ ਤੋਂ ਕੁਝ ਘੰਟੇ ਪਹਿਲਾਂ ਐਤਵਾਰ ਨੂੰ ਆਈਫ਼ਲ ਟਾਵਰ ਤੇ ਚੜ੍ਹਨ ਲਈ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।ਹਾਲਾਂਕਿ ਪੁਲਿਸ ਨੇ ਦੱਸਿਆ ਕਿ ਦੁਪਹਿਰ ਨੂੰ ਬਿਨਾਂ ਕਮੀਜ਼ ਦੇ ਇਕ ਵਿਅਕਤੀ ਨੂੰ ਆਈਫਲ ਟਾਵਰ ਤੇ ਚੜ੍ਹਦੇ ਦੇਖਿਆ ਗਿਆ, ਜਿਸ ਤੋਂ ਬਾਅਦ ਸੁਰੱਖਿਆ ਕਰਮਚਾਰੀਆਂ ਨੇ ਤੁਰੰਤ ਕਾਰਵਾਈ ਕੀਤੀ।ਲਿਸ ਨੇ ਉਸ ਵਿਅਕਤੀ ਬਾਰੇ ਹੋਰ ਕੋਈ ਜਾਣਕਾਰੀ ਨਹੀਂ ਦਿੱਤੀ ਹੈ।ਸੋਸ਼ਲ ਮੀਡੀਆ ਤੇ ਇੱਕ ਵੀਡੀਓ ਵਿੱਚ, ਇੱਕ ਬਿਨਾਂ ਕਮੀਜ਼ ਵਾਲਾ ਵਿਅਕਤੀ ਓਲੰਪਿਕ ਰਿੰਗਾਂ ਦੇ ਬਿਲਕੁਲ ਉੱਪਰ ਟਾਵਰ ਤੇ ਚੜ੍ਹਦਾ ਦਿਖਾਈ ਦੇ ਰਿਹਾ ਹੈ।ਇਕ ਹੋਰ ਵੀਡੀਓ ਚ ਉਸ ਵਿਅਕਤੀ ਨੂੰ ਪੁਲਿਸ ਉਸ ਦੇ ਹੱਥ ਪਿੱਠ ਪਿੱਛੇ ਬੰਨ੍ਹ ਕੇ ਚੁੱਕ ਕੇ ਲੈ ਜਾਂਦੀ ਨਜ਼ਰ ਆ ਰਹੀ ਹੈ। ਹਾਲਾਂਕਿ, ਸਮਾਚਾਰ ਏਜੰਸੀਆਂ ਏਪੀ ਅਤੇ ਸੀਐੱਨਐੱਨ ਨੇ ਪਹਿਲਾਂ ਖ਼ਬਰ ਦਿੱਤੀ ਸੀ ਕਿ ਇਸ ਘਟਨਾ ਕਾਰਨ ਆਈਫਲ ਟਾਵਰ ਨੂੰ ਖਾਲ੍ਹੀ ਕਰਵਾ ਲਿਆ ਗਿਆ ਸੀ ਪਰ ਬੀਬੀਸੀ ਸੁਤੰਤਰ ਤੌਰ ਤੇ ਇਸ ਦੀ ਪੁਸ਼ਟੀ ਨਹੀਂ ਕਰ ਸਕਿਆ। ਇਹ ਆਈਕਾਨਿਕ ਟਾਵਰ ਉਦਘਾਟਨੀ ਸਮਾਗਮ ਦੇ ਕੇਂਦਰ ਵਿੱਚ ਸੀ ਪਰ ਐਤਵਾਰ ਦੇ ਸਮਾਪਤੀ ਸਮਾਗਮ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਸੀ। ਸਮਾਪਤੀ ਸਮਾਗਮ ਵਿੱਚ ਖਿਡਾਰੀਆਂ ਦੀ ਪਰੇਡ ਹੋਈ। ਇਸ ਸਮਾਗਮ ਵਿੱਚ 45,000 ਵਾਲੰਟੀਅਰਾਂ ਨੇ ਭਾਗ ਲਿਆ। ਸਮਾਗਮ ਵਿੱਚ ਪੈਰਿਸ ਦੀ ਮੇਅਰ ਐਨੀ ਹਿਡਾਲਗੋ ਨੇ ਲਾਸ ਏਂਜਲਸ ਦੀ ਮੇਅਰ ਕੈਰੇਨ ਬਾਸ ਨੂੰ ਓਲੰਪਿਕ ਝੰਡਾ ਸੌਂਪਿਆ।

# ਵਿਨੇਸ਼ ਫੋਗਾਟ ਨੂੰ ਪੈਰਿਸ ਓਲੰਪਿਕਸ 'ਚ ਅਯੋਗ ਕਰਾਰ ਦਿੱਤੇ ਖਿਲਾਫ਼ ਪਾਈ ਅਪੀਲ ਖਾਰਿਜ



ਨਵੀਂ ਦਿੱਲੀ -ਕੋਰਟ ਆਫ ਆਰਬਿਟਰੇਸ਼ਨ ਫਾਰ ਸਪੋਰਟਸ (ਸੀਏਐੱਸ) ਨੇ ਪੈਰਿਸ ਓਲੰਪਿਕ ਤੋਂ ਭਾਰਤੀ ਮਹਿਲਾ ਭਲਵਾਨ ਵਿਨੇਸ਼ ਫੋਗਾਟ ਨੂੰ ਅਯੋਗ ਠਹਿਰਾਏ ਜਾਣ ਦੇ ਖ਼ਿਲਾਫ਼ ਅਪੀਲ ਨੂੰ ਖਾਰਜ ਕਰ ਦਿੱਤਾ ਹੈ।ਸਮਾਚਾਰ ਏਜੰਸੀ ਪੀਟੀਆਈ ਮੁਤਾਬਕ ਭਾਰਤੀ ਓਲੰਪਿਕ ਸੰਘ ਦੀ ਪ੍ਰਧਾਨ ਪੀਟੀ ਊਸ਼ਾ ਨੇ ਕਿਹਾ ਹੈ ਕਿ ਉਹ ਇਸ ਫ਼ੈਸਲੇ ਤੋਂ ਬੇਹੱਦ ਨਿਰਾਸ਼ ਹਨ।ਸੀਏਐੱਸ ਨੇ ਪਹਿਲਾਂ ਇਸ ਫ਼ੈਸਲੇ ਨੂੰ 16 ਅਗਸਤ ਤੱਕ ਟਾਲ ਦਿੱਤਾ ਸੀ। ਪਰ ਇਸ ਦੌਰਾਨ 14 ਅਗਸਤ ਨੂੰ ਉਨ੍ਹਾਂ ਦੇ ਖ਼ਿਲਾਫ਼ ਫੈਸਲਾ ਸੁਣਾ ਦਿੱਤਾ ਗਿਆ।ਇਸ ਤੋਂ ਪਹਿਲਾਂ 9 ਅਗਸਤ ਨੂੰ ਆਰਬਿਟਰੇਸ਼ਨ ਕੋਰਟ ਨੇ ਇਸ ਮਾਮਲੇ ਦੀ ਸੁਣਵਾਈ ਕੀਤੀ ਸੀ। ਇਸ ਦੌਰਾਨ ਵਿਨੇਸ਼ ਵੀ ਵਰਚੂਅਲੀ ਮੌਜੂਦ ਸੀ। ਫਿਰ ਇਸ ਮਾਮਲੇ ਦੀ ਸੁਣਵਾਈ 13 ਅਗਸਤ ਨੂੰ ਹੋਈ ਸੀ।ਵਿਨੇਸ਼ ਫੋਗਾਟ ਨੇ 6 ਅਗਸਤ ਨੂੰ 50 ਕਿਲੋਗ੍ਰਾਮ ਭਾਰ ਵਰਗ ਵਿੱਚ ਇੱਕ ਤੋਂ ਬਾਅਦ ਇੱਕ ਤਿੰਨ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਫਾਈਨਲ ਵਿੱਚ ਥਾਂ ਬਣਾਈ ਸੀ। ਅਜਿਹਾ ਕਰਨ ਵਾਲੀ ਉਹ ਪਹਿਲੀ ਭਾਰਤੀ ਮਹਿਲਾ ਬਣ ਗਈ ਸੀ।ਇਸ ਦੇ ਨਾਲ ਕੁਸ਼ਤੀ ਚ ਘੱਟੋ-ਘੱਟ ਚਾਂਦੀ ਦਾ ਤਗਮਾ ਪੱਕਾ ਹੋ ਗਿਆ ਸੀ।ਹਾਲਾਂਕਿ, ਕੁਝ ਘੰਟਿਆਂ ਬਾਅਦ ਵਿਨੇਸ਼ ਫੋਗਾਟ ਨੂੰ ਮਨਜ਼ੂਰਸ਼ੁਦਾ ਵਜ਼ਨ ਤੋਂ 100 ਗ੍ਰਾਮ ਵੱਧ ਭਾਰ ਹੋਣ ਕਾਰਨ ਅਯੋਗ ਕਰਾਰ ਦਿੱਤਾ ਗਿਆ ਸੀ।ਵਿਨੇਸ਼ ਫੋਗਾਟ ਨੇ ਇਸ ਪੂਰੀ ਘਟਨਾ ਤੇ ਕੋਈ ਟਿੱਪਣੀ ਨਹੀਂ ਕੀਤੀ ਸੀ ਪਰ 8 ਅਗਸਤ ਦੀ ਸਵੇਰ ਉਨ੍ਹਾਂ ਨੇ ਸੋਸ਼ਲ ਮੀਡੀਆ ਵੈੱਬਸਾਈਟ ਐਕਸ ਤੇ ਪੋਸਟ ਕਰ ਕੇ ਕੁਸ਼ਤੀ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ ਸੀ।ਭਾਰਤੀ ਓਲੰਪਿਕ ਐਸੋਸੀਏਸ਼ਨ ਨੇ ਕੀ ਕਿਹਾ ਇੰਡੀਅਨ ਓਲੰਪਿਕ ਐੱਸੋਸੀਏਸ਼ਨ ਦੇ ਪ੍ਰਧਾਨ ਡਾ. ਪੀਟੀ ਊਸ਼ਾ ਨੇ ਸੀਏਐੱਸ ਦੇ ਇਸ ਫੈਸਲੇ ਉੱਤੇ ਹੈਰਾਨੀ ਤੇ ਅਫਸੋਸ ਪ੍ਰਗਟ ਕੀਤਾ ਹੈ।ਉਨ੍ਹਾਂ ਨੇ ਆਪਣੇ ਬਿਆਨ ਵਿੱਚ ਕਿਹਾ, ਆਈਓਏ ਨੂੰ ਪੱਕਾ ਵਿਸ਼ਵਾਸ਼ ਹੈ ਕਿ ਦੋ ਦਿਨਾਂ ਵਿੱਚੋਂ ਦੂਜੇ ਦਿਨ ਭਾਰ ਦੇ ਉਲੰਘਣ ਲਈ ਐਥਲੀਟ ਨੂੰ ਪੂਰੀ ਤਰ੍ਹਾਂ ਅਯੋਗ ਐਲਾਨ ਦੇਣਾ ਡੂੰਘੀ ਜਾਂਚ ਦਾ ਵਿਸ਼ਾ ਹੈ। ਸਾਡੇ ਨੁਮਾਇੰਦੇ ਵੱਲੋਂ ਇਹ ਸਹੀ ਢੰਗ ਨਾਲ ਅਦਾਲਤ ਵਿੱਚ ਪੇਸ਼ ਕੀਤਾ ਗਿਆ ਸੀ। ਵਿਨੇਸ਼ ਨਾਲ ਜੁੜਿਆ ਮਾਮਲਾ ਸਖ਼ਤ ਅਤੇ ਯਕੀਨਨ, ਗ਼ੈਰ-ਮਨੁੱਖੀ ਨਿਯਮਾਂ ਨੂੰ ਉਜਾਗਰ ਕਰਦਾ ਹੈ ਜੋ ਐਥਲੀਟਾਂ ਖ਼ਾਸ ਤੌਰ ਉੱਤੇ ਔਰਤ ਐਥਲੀਟਾਂ ਦੇ ਸਰੀਰਕ ਅਤੇ ਮਨੋਵਿਗਿਆਨਕ ਤਣਾਵਾਂ ਨੂੰ ਧਿਆਨ ਵਿੱਚ ਰੱਖਣ ਵਿੱਚ ਅਸਫ਼ਲ ਰਹਿੰਦੇ ਹਨ। ਇਹ ਐਥਲੀਟਾਂ ਦੀ ਭਲਾਈ ਨੂੰ ਪ੍ਰਾਥਮਿਕਤਾ ਦੇਣ ਵਾਲੇ ਵਧੇਰੇ ਨਿਆਂਸੰਗਤ ਅਤੇ ਉਚਿਤ ਮਾਨਕਾਂ ਦੀ ਜ਼ਰੂਰਤ ਨੂੰ ਮਹਿਸੂਸ ਕਰਵਾਉਂਦਾ ਹੈ। ਉਨ੍ਹਾਂ ਅੱਗੇ ਕਿਹਾ, ਆਈਓਏ ਇਸ ਫ਼ੈਸਲੇ ਦੇ ਮੱਦੇਨਜ਼ਰ ਵਿਨੇਸ਼ ਫੌਗਾਟ ਨਾਲ ਖੜ੍ਹਾ ਹੈ ਅਤੇ ਅੱਗੇ ਹੋਰ ਕਾਨੂੰਨੀ ਬਦਲਾਂ ਦੀ ਭਾਲ ਕਰ ਰਿਹਾ ਹੈ। ਐਸੋਸੀਏਸ਼ਨ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਵਿਨੇਸ਼ ਫੋਗਾਟ ਦੇ ਮਾਮਲੇ ਦੀ ਸੁਣਵਾਈ ਹੋਵੇ।



# ਪੰਜਾਬ ਤੇ ਅਸਾਮ ਵਿੱਚ ਘੜੀ ਦਾ ਸਮਾਂ ਕਿਉਂ ਹੋਣਾ ਚਾਹੀਦਾ ਵੱਖਰਾ-ਵੱਖਰਾ

**ਸੂਰਜ ਦੇ ਚੜ੍ਹਣ ਤੇ ਛਿਪਣ ਨਾਲ ਸਾਡੇ ਬਾਡੀ ਕਲਾਕ 'ਤੇ ਵੀ ਅਸਰ ਪੈਂਦਾ ਹੈ। ਜਿਵੇਂ ਹੀ ਹਨ੍ਹੇਰਾ ਹੋਣ ਲਗਦਾ ਹੈ, ਸਾਡਾ ਸਰੀਰ ਸੌਣ ਦੀ ਤਿਆਰੀ ਕਰਨ ਲਗਦਾ ਹੈ। ਕੌਰਨੈੱਲ ਯੂਨੀਵਰਸਿਟੀ ਦੇ ਅਰਥ ਸ਼ਾਸਤਰੀ ਮਾਉਲਿਕ ਜਗਨਾਨੀ ਨੇ ਇੱਕ ਨਵੇਂ ਖੋਜ-ਪਰਚੇ ਵਿੱਚ ਤਰਕ ਦਿੱਤਾ ਹੈ ਕਿ ਇੱਕ ਸਮਾਂ-ਖੇਤਰ ਹੋਣ ਨਾਲ ਨੀਂਦ ਦੀ ਗੁਣਵੱਤਾ ਘਟਦੀ ਹੈ। ਖ਼ਾਸ ਕਰਕੇ ਗਰੀਬ ਬੱਚਿਆਂ ਵਿੱਚ, ਜਿਸ ਨਾਲ ਉਨ੍ਹਾਂ ਦੀ ਪੜ੍ਹਾਈ 'ਤੇ ਅਸਰ ਪੈਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਸਾਰੇ ਭਾਰਤ ਵਿੱਚ ਸਕੂਲ ਲਗਭਗ ਇੱਕੋ ਸਮੇਂ ਲਗਦੇ ਹਨ ਪਰ ਬੱਚਿਆਂ ਦੇ ਸੌਣ ਦੇ ਸਮੇਂ ਵੱਖੋ-ਵੱਖਰੇ ਹਨ।**

**ਸੌਤਿਕ ਬਿਸਵਾਸ**

ਅੰਗਰੇਜ਼ਾਂ ਨੇ ਭਾਰਤ ਨੂੰ ਇੱਕ ਟਾਈਮ-ਜ਼ੋਨ ਦਿੱਤਾ। ਜਿਸ ਦਾ ਭਾਵ ਹੈ ਪੂਰੇ ਭਾਰਤ ਵਿੱਚ ਇੱਕੋ- ਜਿਹਾ ਸਮਾਂ। ਇਸ ਨੂੰ ਭਾਰਤ ਦੀ ਏਕਤਾ ਦੇ ਪ੍ਰਤੀਕ ਭਾਵੇਂ ਮੰਨਿਆਂ ਜਾਂਦਾ ਹੋਵੇ ਪਰ 'ਇੱਕ ਭਾਰਤੀ ਸਮੇਂ ਦਾ ਵਿਚਾਰ' (ਇੰਡੀਅਨ ਸਟੈਂਡਰਡ ਟਾਈਮ) ਸਾਰਿਆਂ ਨੂੰ ਪਸੰਦ ਨਹੀਂ ਆਉਂਦਾ। ਇਹ ਜਾਨਣ ਤੋਂ ਪਹਿਲਾਂ, ਟਾਈਮ ਜ਼ੋਨ (ਸਮਾਂ-ਖੇਤਰ) ਬਾਰੇ ਜਾਨਣਾ ਠੀਕ ਰਹੇਗਾ। ਵਿਗਿਆਨੀਆਂ ਨੇ ਪੂਰੇ ਵਿਸ਼ਵ ਨੂੰ ਸਮੇਂ ਦੇ ਹਿਸਾਬ ਨਾਲ ਚੌਵੀਂ ਖੇਤਰਾਂ ਵਿੱਚ ਵੰਡਿਆ ਹੋਇਆ ਹੈ ਅਤੇ 24 ਸਮਾਂ ਖੇਤਰ ਹਨ। ਇਹ ਪੱਟੀਆਂ ਇੱਕ-ਇੱਕ ਘੰਟੇ ਦੇ ਅੰਤਰ ਨਾਲ ਬਣਾਈਆਂ ਗਈਆਂ ਹਨ।

ਭਾਰਤ ਵਿੱਚ ਪੂਰਬ ਤੋਂ ਪੱਛਮ ਤੱਕ ਲਗਪਗ 30 ਡਿਗਰੀ ਲੰਬਕਾਰ ਵਿੱਚ ਫੈਲਿਆ ਹੋਇਆ ਹੈ। ਇਸ ਹਿਸਾਬ ਨਾਲ ਪੂਰਬੀ ਕਿਨਾਰੇ ਤੇ ਪੱਛਮੀ ਕਿਨਾਰੇ ਦਰਮਿਆਨ ਸੂਰਜੀ ਸਮੇਂ ਦਾ ਦੋ ਘੰਟਿਆਂ ਦਾ ਵਿਸਥਾਰ ਹੈ। ਸੂਰਜੀ ਸਮਾਂ ਇਸ ਗੱਲ ਨਾਲ ਨਿਰਧਾਰਿਤ ਹੁੰਦਾ ਹੈ ਕਿ ਆਕਾਸ਼ ਵਿੱਚ ਸੂਰਜ ਕਿਸ ਥਾਂ 'ਤੇ ਹੈ।

ਭਾਰਤ ਵਿੱਚ ਇੱਕ ਹੀ ਸਮਾਂ ਹੋਣ ਨਾਲ ਕਰੋੜਾਂ ਭਾਰਤੀਆਂ ਦੀਆਂ ਜ਼ਿੰਦਗੀਆਂ ਪ੍ਰਭਾਵਿਤ ਹੁੰਦੀਆਂ ਹਨ।

ਭਾਰਤ ਦੇ ਪੂਰਬ ਵਿੱਚ ਸੂਰਜ ਪੱਛਮੀ ਕਿਨਾਰੇ ਤੋਂ ਦੋ ਘੰਟੇ ਪਹਿਲਾਂ ਚੜ੍ਹਦਾ ਹੈ। ਇੱਕ ਸਮਾਂ-ਖੇਤਰ ਦੇ ਆਲੋਚਕਾਂ ਦਾ ਕਹਿਣਾ ਹੈ ਕਿ ਭਾਰਤ ਵਿੱਚ ਦੋ ਸਮੇਂ ਹੋਣੇ ਚਾਹੀਦੇ ਹਨ।

ਇਸ ਨਾਲ ਪੂਰਬੀ ਭਾਰਤ ਵਿੱਚ ਦਿਨ ਦਾ ਪੂਰਾ ਲਾਭ ਲਿਆ ਜਾ ਸਕੇਗਾ, ਜਿੱਥੇ ਸੂਰਜ, ਪੱਛਮ ਤੋਂ ਕਾਫ਼ੀ ਪਹਿਲਾਂ ਚੜ੍ਹਦਾ-ਛਿਪਦਾ ਹੈ।

ਸੂਰਜ ਜਲਦੀ ਛਿਪਣ ਕਾਰਨ ਪੂਰਬ ਵਿੱਚ ਲੋਕ, ਪੱਛਮੀ ਭਾਰਤ ਨਾਲੋਂ ਪਹਿਲਾਂ ਤੋਂ ਰੌਸ਼ਨੀਆਂ ਜਲਾ ਲੈਂਦੇ ਹਨ ਤੇ ਬਿਜਲੀ ਦੀ ਖਪਤ ਵਧੇਰੇ ਕਰਦੇ ਹਨ।

ਸੂਰਜ ਦੇ ਚੜ੍ਹਣ ਤੇ ਛਿਪਣ ਨਾਲ ਸਾਡੇ ਬਾਡੀ ਕਲਾਕ 'ਤੇ ਵੀ ਅਸਰ ਪੈਂਦਾ ਹੈ। ਜਿਵੇਂ ਹੀ ਹਨ੍ਹੇਰਾ ਹੋਣ ਲਗਦਾ ਹੈ, ਸਾਡਾ ਸਰੀਰ ਸੌਣ ਦੀ ਤਿਆਰੀ ਕਰਨ ਲਗਦਾ ਹੈ।

ਕੌਰਨੈੱਲ ਯੂਨੀਵਰਸਿਟੀ ਦੇ ਅਰਥ ਸ਼ਾਸਤਰੀ ਮਾਉਲਿਕ ਜਗਨਾਨੀ ਨੇ ਇੱਕ ਨਵੇਂ ਖੋਜ-ਪਰਚੇ ਵਿੱਚ ਤਰਕ ਦਿੱਤਾ ਹੈ ਕਿ ਇੱਕ ਸਮਾਂ-ਖੇਤਰ ਹੋਣ ਨਾਲ ਨੀਂਦ ਦੀ ਗੁਣਵੱਤਾ ਘਟਦੀ ਹੈ। ਖ਼ਾਸ ਕਰਕੇ ਗਰੀਬ ਬੱਚਿਆਂ ਵਿੱਚ, ਜਿਸ ਨਾਲ ਉਨ੍ਹਾਂ ਦੀ ਪੜ੍ਹਾਈ 'ਤੇ ਅਸਰ ਪੈਂਦਾ ਹੈ।

ਇਸ ਦਾ ਕਾਰਨ ਇਹ ਹੈ ਕਿ ਸਾਰੇ ਭਾਰਤ ਵਿੱਚ ਸਕੂਲ ਲਗਭਗ ਇੱਕੋ ਸਮੇਂ ਲਗਦੇ ਹਨ ਪਰ ਬੱਚਿਆਂ ਦੇ ਸੌਣ ਦੇ ਸਮੇਂ ਵੱਖੋ-ਵੱਖਰੇ ਹਨ।

ਇਸ ਕਾਰਨ ਜਿਹੜੇ ਖੇਤਰਾਂ ਵਿੱਚ ਸੂਰਜ ਦੇਰੀ ਨਾਲ ਛਿਪਦਾ ਹੈ, ਉੱਥੇ ਬੱਚਿਆਂ ਦੀ ਨੀਂਦ ਘੱਟ ਪੂਰੀ ਹੁੰਦੀ ਹੈ। ਨੀਂਦ ਵਿੱਚ ਲਗਪਗ 30 ਮਿੰਟ ਦਾ ਫਰਕ ਪੈਂਦਾ ਹੈ।

ਭਾਰਤ ਦੇ ਟਾਈਮ ਸਰਵੇ ਅਤੇ ਨੈਸ਼ਨਲ ਡੈਮੋਗ੍ਰਾਫ਼ੀ ਅਤੇ ਸਿਹਤ ਸਰਵੇ ਦੇ ਡਾਟੇ ਦੀ ਵਰਤੋਂ ਕਰਦਿਆਂ ਜਗਨਾਨੀ ਨੇ ਦੇਖਿਆ ਕਿ ਜਿਨ੍ਹਾਂ ਖੇਤਰਾਂ ਵਿੱਚ ਸੂਰਜ ਦੇਰੀ ਨਾਲ ਛਿਪਦਾ ਹੈ, ਉੱਥੇ ਬੱਚਿਆਂ ਨੂੰ ਸਿਖਿਆ ਦੇ ਸਾਲ ਘੱਟ ਮਿਲਦੇ ਹਨ।

ਉਨ੍ਹਾਂ ਦੇ ਪ੍ਰਾਇਮਰੀ ਤੇ ਮਿਡਲ ਸਕੂਲ ਪੂਰਾ ਕਰਨ ਦੀ ਸੰਭਾਵਨਾ ਵੀ ਘੱਟ ਹੁੰਦੀ ਹੈ।

ਉਨ੍ਹਾਂ ਦੱਸਿਆ, 'ਇਹ ਇਸ ਕਾਰਨ ਵੀ ਹੋ ਸਕਦਾ ਹੈ ਕਿ ਗਰੀਬ ਘਰਾਂ ਵਿੱਚ ਸੌਣ ਸਮੇਂ ਦਾ ਵਾਤਾਵਰਣ ਰੌਲੇ-ਰੱਪੇ, ਗਰਮੀ ਵਾਲਾ, ਹੁੰਦਾ ਹੈ। ਛੋਟੇ ਘਰਾਂ ਵਿੱਚ ਵਧੇਰੇ ਲੋਕ ਰਹਿੰਦੇ ਹਨ।ਜਿਨ੍ਹਾਂ ਵਿੱਚ ਮੱਛਰ ਵੀ ਭਰਪੂਰ ਹੁੰਦੇ ਹਨ।'

'ਕੁਲ ਮਿਲਾ ਕੇ ਇਨ੍ਹਾਂ ਘਰਾਂ ਦੇ ਹਾਲਾਤ ਅਸੁਖਾਵੇਂ ਹੀ ਹੁੰਦੇ ਹਨ। ਗਰੀਬਾਂ ਕੋਲ ਨੀਂਦ ਦੀ ਗੁਣਵੱਤਾ ਸੁਧਾਰਨ ਵਾਲੇ ਸਾਧਨਾਂ 'ਤੇ ਖਰਚਣ ਲਈ ਪੈਸਾ ਨਹੀਂ ਹੁੰਦਾ। ਉਹ ਵੱਖਰੇ ਕਮਰੇ, ਖਿੜਕੀਆਂ ਨਹੀਂ ਬਣਵਾ ਪਾਉਂਦੇ।ਉਹ ਆਪਣਾ ਸੌਣ ਦਾ ਸਮਾਂ ਇੱਧਰ-ਉੱਧਰ ਨਹੀਂ ਕਰ ਸਕਦੇ।' ਇਸ ਤੋਂ ਇਲਾਵਾ, ਗਰੀਬੀ ਦੇ ਮਨੋਵਿਗਿਆਨਿਕ ਪ੍ਰਭਾਵ ਜਿਵੇਂ- ਤਣਾਅ, ਮਾਨਸਿਕ ਬੋਝ ਵੀ ਹੁੰਦੇ ਹਨ। ਜਿਸ ਨਾਲ ਫ਼ੈਸਲਾ ਲੈਣ ਦੀ ਸ਼ਕਤੀ ਪ੍ਰਭਾਵਿਤ ਹੁੰਦੀ ਹੈ।

ਜਗਨਾਨੀ ਨੇ ਇਹ ਵੀ ਦੇਖਿਆ ਕਿ ਪੂਰਬ ਤੇ ਪੱਛਮ ਦਰਮਿਆਨ ਬੱਚਿਆਂ ਦੀ ਵਿਦਿਅਕ ਪ੍ਰਾਪਤੀ 'ਤੇ ਸੂਰਜ ਛਿਪਣ ਦੇ ਔਸਤ ਸਮੇਂ ਦਾ ਅਸਰ ਪੈਂਦਾ ਹੈ। ਇਹ ਫ਼ਰਕ ਇੱਕ ਜ਼ਿਲ੍ਹੇ ਵਿੱਚ ਵੀ ਦੇਖਿਆ ਗਿਆ ਹੈ। ਸੂਰਜ ਛਿਪਣ ਦੇ ਔਸਤ ਸਮੇਂ ਵਿੱਚ ਇੱਕ ਘੰਟੇ ਦੀ ਦੇਰੀ ਨਾਲ ਬੱਚਿਆਂ ਦੀ ਪੜ੍ਹਾਈ 0.8 ਸਾਲ ਘੱਟਦੀ ਹੈ।

ਜਗਨਾਨੀ ਦਾ ਕਹਿਣਾ ਹੈ ਕਿ ਜੇ ਭਾਰਤ ਇੱਕ ਦੀ ਥਾਂ ਦੋ ਸਮਾਂ-ਖੇਤਰਾਂ ਦੀ ਪਾਲਸੀ ਅਪਣਾ ਲਵੇ ਤਾਂ ਭਾਰਤ ਨੂੰ ਲਗਪਗ 4.2 ਅਰਬ ਅਮਰੀਕੀ ਡਾਲਰ (ਭਾਰਤ ਦੇ ਕੁਲ ਘਰੇਲੂ ਉਤਪਾਦ ਦਾ 2 ਫੀਸਦੀ) ਦਾ ਲਾਭ ਹੋਵੇਗਾ। ਇਸ ਨਾਲ ਪੂਰਬੀ ਭਾਰਤ ਵਿੱਚ ਯੂਟੀਸੀ+5 ਅਤੇ ਪੱਛਮੀਂ ਭਾਰਤ ਵਿੱਚ ਯੂਟੀਸੀ+6 ਘੰਟਿਆਂ ਦਾ ਦਾ ਫਰਕ ਪਵੇਗਾ।

(ਯੂਟੀਸੀ ਜਾਂ ਯੂਨੀਵਰਸਲ ਟਾਈਮ ਕੋਆਰਡੀਨੇਟਡ, ਵੀ ਗਰੀਨ ਵਿੱਚ ਔਸਤ ਸਮੇਂ ਦੇ ਹੀ ਬਰਾਬਰ ਹੁੰਦਾ ਹੈ ਪਰ ਇੱਕ ਸਵੈਚਾਲਿਤ ਘੜੀ ਨਾਲ ਮਿਣਿਆ ਜਾਣ ਕਾਰਨ ਉਸ ਨਾਲੋਂ ਵਧੇਰੇ ਸਟੀਕ ਹੈ।)

ਭਾਰਤ ਵਿੱਚ ਇਕਹਿਰੇ ਸਮੇਂ ਤੋਂ ਦੋ ਸਮਾਂ-ਖੇਤਰਾਂ ਵੱਲ ਜਾਣ ਬਾਰੇ ਕਾਫੀ ਦੇਰ ਤੋਂ ਬਹਿਸ ਹੁੰਦੀ ਰਹੀ ਹੈ। ਅਸਾਮ ਵਿੱਚ ਘੜੀਆਂ ਭਾਰਤੀ ਸਮੇਂ ਤੋਂ ਇੱਕ ਘੰਟਾ ਅੱਗੇ ਰੱਖੀਆਂ ਜਾਂਦੀਆਂ ਹਨ ਹਾਲਾਂ ਕਿ ਇਹ ਫ਼ਰਕ ਸਿਰਫ਼ ਗੈਰ-ਰਸਮੀਂ ਹੈ। ਅੱਸੀਵੇਂ ਦਹਾਕੇ ਦੇ ਅਖ਼ੀਰ 'ਤੇ ਇੱਕ ਊਰਜਾ ਸੰਸਥਾਨ ਨੇ ਬਿਜਲੀ ਦੀ ਬੱਚਤ ਲਈ ਦੋ ਸਮਾਂ-ਖੇਤਰ ਅਪਨਾਉਣ ਦੀ ਸਲਾਹ ਦਿੱਤੀ।

ਸਾਲ 2002 ਵਿੱਚ ਇੱਕ ਸਰਕਾਰੀ ਕਮੇਟੀ ਨੇ ਅਜਿਹੇ ਹੀ ਇੱਕ ਪ੍ਰਸਤਾਵ ਨੂੰ ਗੁੰਝਲਦਾਰ ਕਹਿ ਕੇ ਰੱਦ ਕਰ ਦਿੱਤਾ। ਮਾਹਿਰਾਂ ਨੂੰ ਰੇਲ ਹਾਦਸੇ ਵੱਧਣ ਦਾ ਖ਼ਦਸ਼ਾ ਸੀ ਕਿਉਂਕਿ ਇੱਕ ਤੋਂ ਦੂਸਰੇ ਸਮਾਂ-ਖੇਤਰ ਵਿੱਚ ਜਾਣ ਸਮੇਂ ਉਨ੍ਹਾਂ ਦਾ ਸਮਾਂ ਬਦਲਣਾ ਪਵੇਗਾ। ਹਾਲਾਂਕਿ, ਪਿਛਲੇ ਸਾਲ ਭਾਰਤ ਦੀ ਸਮੇਂ ਬਾਰੇ ਸਰਕਾਰੀ ਕਮੇਟੀ ਨੇ ਦੋ ਸਮਾਂ-ਖੇਤਰਾਂ ਦੀ ਸਿਫ਼ਾਰਿਸ਼ ਕੀਤੀ। ਇਸ ਅਨੁਸਾਰ ਅੱਠ ਸੂਬਿਆਂ ਲਈ ਇੱਕ ਸਮਾਂ-ਖੇਤਰ ਤੇ ਬਾਕੀਆਂ ਲਈ ਦੂਸਰਾ ਸਮਾਂ-ਖੇਤਰ ਨਿਰਧਾਰਿਤ ਕੀਤਾ ਜਾਣਾ ਸੀ।

ਅੱਠ ਵਿੱਚੋਂ ਸੱਤ ਸੂਬੇ ਪੂਰਬੀ ਭਾਰਤ ਦੇ ਸਨ। ਇਨ੍ਹਾਂ ਦੋਹਾਂ ਸਮਾਂ-ਖੇਤਰਾਂ ਵਿੱਚ ਇੱਕ ਘੰਟੇ ਦਾ ਫ਼ਰਕ ਰੱਖਿਆ ਜਾਣਾ ਸੀ।

ਨੈਸ਼ਨਲ ਫਿਜ਼ਿਕਸ ਲੈਬੋਰਟਰੀ ਦੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਇੱਕ ਸਮਾਂ ਜ਼ਿੰਦਗੀਆਂ 'ਤੇ ਬੜਾ ਮਾੜਾ ਅਸਰ ਪਾ ਰਿਹਾ ਸੀ, ਕਿਉਂਕਿ ਸੂਰਜ ਕੰਮ ਦੇ ਸਰਕਾਰੀ ਸਮੇਂ ਤੋਂ ਕਾਫ਼ੀ ਪਹਿਲਾਂ ਚੜ੍ਹਦਾ ਤੇ ਛਿਪਦਾ ਹੈ।

ਉਨ੍ਹਾਂ ਕਿਹਾ, ਜਿਸ ਕਾਰਨ ਸੂਰਜ ਦੀ ਧੁੱਪ ਜਿਸ ਦੌਰਾਨ ਦਫ਼ਤਰਾਂ ਵਿੱਚ ਕੰਮ ਹੋ ਸਕਦਾ ਸੀ, ਅਜਾਈਂ ਚਲੀ ਜਾਂਦੀ ਹੈ। ਸਕੂਲ-ਕਾਲਜ ਵੀ ਸੂਰਜ ਚੜ੍ਹਨ ਤੋਂ ਕਾਫ਼ੀ ਸਮੇਂ ਬਾਅਦ ਖੁੱਲ੍ਹਦੇ ਹਨ। ਸਰਦੀਆਂ ਵਿੱਚ ਵਿੱਚ ਕਿਉਂਕਿ ਸੂਰਜ ਜਲਦੀ ਢਲ ਜਾਂਦਾ ਹੈ।ਇਸ ਲਈ ਵਧੇਰੇ ਬਿਜਲੀ ਦੀ ਖਪਤ ਹੁੰਦੀ ਹੈ। ਕਹਾਣੀ ਦਾ ਸਾਰ ਇਹ ਹੈ ਕਿ ਨੀਂਦ ਦਾ ਸੰਬੰਧ ਉਤਪਾਦਕਤਾ ਨਾਲ ਹੈ ਤੇ ਜੇ ਸਮੇਂ ਦਾ ਹੇਰ-ਫੇਰ ਲੋਕਾਂ ਦੀਆਂ ਜ਼ਿੰਦਗੀਆਂ ਦਾ ਖ਼ਾਸ ਕਰ ਗ਼ਰੀਬ ਬੱਚਿਆਂ ਦੀਆਂ ਜ਼ਿੰਦਗੀਆਂ ਦਾ ਨੁਕਸਾਨ ਕਰ ਸਕਦਾ ਹੈ।


Best Indian Beauty Salon in Montreal



Spa et Sourcils

EYEBROWS 7$

ਸਾਨੂੰ ਤਜਰਬੇਕਾਰ ਪਾਰਟ ਟਾਈਮ ਜਾਂ ਫੁੱਲ ਟਾਈਮ
ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ

Both Salon are two minutes from Metro

• Threading • Waxing
• Facial • Henna

4.8 RATING & REVIEWS ★★★★★ 450 +

Spaetsourcils.com

1444 Cote-Vertu
514.439.7020

8071- A Saint Denis
514.382.9333

# ਭਾਰਤੀ ਵਿਦਿਆਰਥੀ ਬੰਗਲਾਦੇਸ਼ ਪੜ੍ਹਾਈ ਕਰਨ ਕਿਉਂ ਜਾਂਦੇ ਹਨ




ਬੰਗਾਲਦੇਸ਼ ਵਿੱਚ ਵਿਦਿਆਰਥੀਆਂ ਦੀ ਪਸੰਦ ਦੇ ਮੁਹੰਮਦ ਯੂਨੁਸ ਦੀ ਅਗਵਾਈ ਵਿੱਚ ਅੰਤਰਿਮ ਸਰਕਾਰ ਬਣ ਚੁੱਕੀ ਹੈ।ਇਹ ਵਿਦਿਆਰਥੀਆਂ ਦਾ ਹੀ ਅੰਦੋਲਨ ਸੀ, ਜਿਸ ਤੋਂ ਬਾਅਦ ਹਾਲਾਤ ਇਸ ਤਰ੍ਹਾਂ ਦੇ ਹੋ ਗਏ ਕਿ ਸ਼ੇਖ ਹਸੀਨਾ ਨੂੰ ਦੇਸ਼ ਛੱਡ ਕੇ ਭੱਜਣਾ ਪਿਆ।ਕਿਹਾ ਜਾਂਦਾ ਹੈ ਕਿ ਬੰਗਾਲਦੇਸ਼ ਦੀ ਵਿਦਿਆਰਥੀ ਰਾਜਨੀਤੀ ਬਾਰੇ ਕਾਫੀ ਸਰਗਰਮ ਰਹਿੰਦੇ ਹਨ।ਪਰ ਬੰਗਲਾਦੇਸ਼ ਵਿੱਚ ਕੁਝ ਵਿਦਿਆਰਥੀ ਭਾਰਤ ਦੇ ਵੀ ਹੁੰਦੇ ਹਨ, ਜੋ ਉੱਥੇ ਪੜ੍ਹਾਈ ਕਰਨ ਜਾਂਦੇ ਹਨ।

ਬੰਗਲਾਦੇਸ਼ ਵਿੱਚ ਹਾਲਾਤ ਵਿਗੜਨ ਦੇ ਦੌਰਾਨ ਇਹ ਵਿਦਿਆਰਥੀ ਭਾਰਤ ਆਏ ਅਤੇ ਹੁਣ ਹਾਲਾਤ ਠੀਕ ਹੋਣ ਦਾ ਬੇਸਬਰੀ ਨਾਲ ਉਡੀਕ ਕਰ ਰਹੇ ਹਨ ਤਾਂ ਕਿ ਵਾਪਸ ਜਾ ਕੇ ਆਪਣੀ ਪੜ੍ਹਾਈ ਪੂਰੀ ਕਰ ਸਕਣ। ਜੁਲਾਈ ਦੇ ਅੰਤ ਤੱਕ ਤਕਰੀਬਨ ਸੱਤ ਹਜ਼ਾਰ ਭਾਰਤੀ ਵਿਦਿਆਰਥੀ ਵਤਨ ਵਾਪਸ ਪਰਤੇ ਹਨ।ਇਨ੍ਹਾਂ ਵਿਦਿਆਰਥੀਆਂ ਵਿੱਚੋਂ ਲਗਭਗ ਦਰਜਣ ਭਰ ਤਾਂ ਪਿਛਲੇ ਦੋ ਹਫ਼ਤਿਆਂ ਵਿੱਚ ਵਾਪਸ ਆਏ ਹਨ।ਬੀਬੀਸੀ ਨਾਲ ਗੱਲਬਾਤ ਕਰਦੇ ਹੋਏ ਇਨ੍ਹਾਂ ਵਿਦਿਆਰਥੀਆਂ ਨੇ ਉੱਥੇ ਪੜ੍ਹਾਈ ਕਰਨ ਦੇ ਫਾਇਦੇ ਦੱਸੇ ਹਨ।

**ਭਾਰਤੀ ਵਿਦਿਆਰਥੀ ਬੰਗਲਾਦੇਸ਼ ਕਿਹੜੀ ਪੜ੍ਹਾਈ ਕਰਨ ਜਾਂਦੇ ਹਨ**

ਪੂਰਬੀ ਬੰਗਲਾਦੇਸ਼ ਵਿੱਚ ਅਬਦੁੱਲ ਹਾਮਿਦ ਮੈਡੀਕਲ ਕਾਲਜ ਵਿੱਚ ਚੌਥੇ ਸਾਲ ਦੀ ਪੜ੍ਹਾਈ ਕਰ ਰਹੇ ਸੁਦੀਪਤਾ ਮੈਤੀ ਕਹਿੰਦੇ ਹਨ ਕਿ ਬੰਗਲਾਦੇਸ਼ ਵਿੱਚ ਪੜ੍ਹਾਈ ਕਰਨ ਦਾ ਭਾਰਤੀ ਵਿਦਿਆਰਥੀਆਂ ਨੂੰ ਸਭ ਤੋਂ ਵੱਡਾ ਫਾਇਦਾ ਪੜ੍ਹਾਈ ਵਿੱਚ ਹੋਣ ਵਾਲੇ ਖਰਚੇ ਵਿੱਚ ਹੈ।ਸੁਦੀਪਤਾ ਕਹਿੰਦੇ ਹਨ, ਜਦੋਂ ਬੰਗਲਾਦੇਸ਼ ਵਿੱਚ ਹਿੰਸਾ ਦੀ ਸ਼ੁਰੂਆਤ ਹੋਈ ਉਦੋਂ ਅਸੀਂ ਅਖੌਰਾ-ਅਗਰਤਲਾ ਬਾਰਡਰ ਕਰਾਸ ਕਰਕੇ ਵਾਪਸ ਆਪਣੇ ਦੇਸ ਆ ਗਏ।ਬੰਗਾਲਦੇਸ਼ ਦੇ ਕਿਸ਼ੋਰਗੰਜ ਵਿੱਚ ਮੌਜੂਦ ਇਸ ਕਾਲਜ ਤੋਂ ਅਗਰਤਲਾ ਤਿੰਨ ਘੰਟਿਆਂ ਵਿੱਚ ਪਹੁੰਚਿਆ ਜਾ ਸਕਦਾ ਹੈ।ਇੱਥੋਂ ਕੋਲਕਾਤਾ ਇੱਕ ਘੰਟੇ ਦੇ ਹਵਾਈ ਸਫ਼ਰ ਤੋਂ ਬਾਅਦ ਪਹੁੰਚਿਆ ਜਾ ਸਕਦਾ ਹੈ।ਫਿਰ ਅਗਲੇ ਤਿੰਨ ਘੰਟਿਆਂ ਵਿੱਚ ਸੁਦੀਪਤਾ ਮੈਤੀ ਪੱਛਮੀ ਬੰਗਾਲ ਦੇ ਪੂਰਬੀ ਮਿਦਨਾਪੁਰ ਜ਼ਿਲ੍ਹੇ ਵਿੱਚ ਪਹੁੰਚ ਚੁੱਕੇ ਸਨ।ਸੁਦੀਪਤਾ ਅੱਗੇ ਦੱਸਦੇ ਹਨ, ਬੰਗਲਾਦੇਸ਼ ਹੁਣ ਭਾਰਤ ਨਾਲ ਇੰਨੇ ਵਧੀਆ ਤਰੀਕੇ ਨਾਲ ਜੁੜਿਆ ਹੋਇਆ ਹੈ ਕਿ ਕੋਈ ਵੀ ਮਹਿਜ਼ ਕੁਝ ਹੀ ਘੰਟਿਆਂ ਵਿੱਚ ਕੋਲਕਾਤਾ ਪਹੁੰਚ ਸਕਦਾ ਹੈ। ਸ਼ਾਇਦ ਬੰਗਲਾਦੇਸ਼ ਦੇ ਨਿੱਜੀ ਮੈਡੀਕਲ ਕਾਲਜਾਂ ਵਿੱਚ ਭਾਰਤੀ ਵਿਦਿਆਰਥੀਆਂ ਦੀ ਸੰਖਿਆ ਵਧਣ ਦਾ ਇਹ ਵੀ ਇੱਕ ਕਾਰਨ ਹੈ।ਭਾਰਤ ਸਰਕਾਰ ਦੇ ਅੰਕੜਿਆਂ ਮੁਤਾਬਕ, 2022 ਵਿੱਚ 13 ਲੱਖ ਤੋਂ ਜ਼ਿਆਦਾ ਭਾਰਤੀ ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਗਏ ਸਨ ਜਿਨ੍ਹਾਂ ਵਿੱਚੋਂ 9.32 ਹਜ਼ਾਰ ਬੰਗਲਾਦੇਸ਼ ਵਿੱਚ ਗਏ ਸਨ।ਬਿਹਤਰ ਕਨੈਕਟੀਵਿਟੀ, ਥੋੜ੍ਹਾ ਫਾਸਲਾ, ਇੱਕੋ-ਜਿਹਾ ਸੱਭਿਆਚਾਰ, ਭਾਰਤ ਵਿੱਚ ਸੀਮਤ ਸੀਟਾਂ ਅਤੇ ਪੜ੍ਹਾਈ ਦੇ ਖਰਚੇ ਕਾਰਨ ਭਾਰਤੀ ਵਿਦਿਆਰਥੀ ਬੰਗਲਾ ਦੇਸ਼ ਦਾ ਰੁਖ ਕਰਦੇ ਹਨ।ਕਸ਼ਮੀਰ ਦੀ ਕਾਜ਼ੀ ਐੱਮਬੀਬੀਐੱਸ-7ਵੇਂ ਸਾਲ ਦੀ ਵਿਦਿਆਥਣ ਹੈ।ਕਾਜ਼ੀ ਦੱਸਦੇ ਹਨ ਕਿ ਜਿੱਥੇ ਮੈਡੀਕਲ ਦੀ ਪੜ੍ਹਾਈ ਵਿੱਚ ਭਾਰਤ ਵਿੱਚ ਇੱਕ ਕਰੋੜ ਤੋਂ ਜ਼ਿਆਦਾ ਖਰਚ ਹੋ ਜਾਂਦੇ ਹਨ ਉੱਥੇ ਹੀ ਬੰਗਲਾਦੇਸ਼ ਵਿੱਚ 40 ਤੋਂ 50 ਲੱਖ ਵਿੱਚ ਮੈਡੀਕਲ ਦੀ ਪੜ੍ਹਾਈ ਹੋ ਜਾਂਦੀ ਹੈ।

ਕਾਜ਼ੀ ਦੱਸਦੇ ਹਨ, ਜਦੋਂ ਮੈਂ ਢਾਕਾ ਦੇ ਅਦ-ਦੀਨ ਮੈਡੀਕਲ ਕਾਲਜ ਵਿੱਚ ਪੜ੍ਹਾਈ ਲਈ 2019 ਵਿੱਚ ਕਸ਼ਮੀਰ ਛੱਡਿਆ ਤਾਂ ਉਸ ਸਮੇਂ ਕਸ਼ਮੀਰ ਵਿੱਚ ਸਿਰਫ ਦੋ ਮੈਡੀਕਲ ਕਾਲਜ ਸਨ। ਨਿੱਜੀ ਮੈਡੀਕਲ ਕਾਲਜ ਤਾਂ ਹੈ ਹੀ ਨਹੀਂ ਸਨ। ਜਦਕਿ ਬੰਗਲਾ ਦੇਸ਼ ਵਿੱਚ ਬਹੁਤ ਸਾਰੇ ਮੈਡੀਕਲ ਕਾਲਜ ਸਨ।ਉਨ੍ਹਾਂ ਦਾ ਦਾਅਵਾ ਹੈ ਕਿ ਭਾਰਤੀ ਕਰੰਸੀ ਦੇ ਹਿਸਾਬ ਨਾਲ 30-35 ਲੱਖ ਦੇ ਖਰਚ ਵਿੱਚ ਉੱਥੇ ਮੈਡੀਕਲ ਦੀ ਪੜ੍ਹਾਈ ਪੂਰੀ ਹੋ ਜਾਂਦੀ ਹੈ।

**ਬੰਗਾਲਦੇਸ਼ ਵਿੱਚ ਮੈਡੀਕਲ ਦੀ ਪੜ੍ਹਾਈ ਕਰਨ ਵਾਲੇ ਸਭ ਤੋਂ ਜ਼ਿਆਦਾ ਭਾਰਤੀ**

ਵਧਦੀ ਸਿਆਸੀ ਉੱਥਲ-ਪੁੱਥਲ ਅਤੇ ਵਿਸ਼ਵੀ ਲੋਕਤੰਤਰ ਦੇ ਪੈਮਾਨੇ ਵਿੱਚ ਕਮੀ ਦੇ ਬਾਅਦ ਵੀ ਬੰਗਲਾਦੇਸ਼ ਨੇ ਗ਼ਰੀਬੀ ਘਟਾਉਣ ਅਤੇ ਤੇਜ਼ ਆਰਥਿਤ ਤਰੱਕੀ ਦੇ ਲਈ ਅਸਧਾਰਨ ਰੂਪ ਵਿੱਚ ਕਾਫ਼ੀ ਕੰਮ ਕੀਤਾ ਹੈ।ਹਾਲਾਂਕਿ ਵਿਸ਼ਵ ਬੈਂਕ ਦੀ ਰਿਪੋਰਟ ਦੇ ਮੁਤਾਬਕ ਕੋਵਿਡ ਮਹਾਮਾਰੀ ਤੋਂ ਬਾਅਦ ਇਸ ਨੇ ਅਜੇ ਵੀ ਆਰਥਿਕ ਮੋਰਚੇ ਉੱਤੇ ਉਭਰਨ ਲਈ ਸੰਘਰਸ਼ ਕਰ ਰਿਹਾ ਹੈ।ਪਿਛਲੇ ਵਿੱਤੀ ਸਾਲ ਦੌਰਾਨ ਜੀਡੀਪੀ 7.1% ਤੋਂ ਘਟ ਕੇ 5.8% ਉੱਤੇ ਆ ਗਈ ਸੀ।ਬੰਗਲਾਦੇਸ਼ ਵਿੱਚ ਤਾਜ਼ਾ ਤਣਾਅ ਦੇ ਪਿੱਛੇ ਆਰਥਿਕ ਚੁਣੌਤੀਆਂ, ਵਧਦੀ ਮਹਿੰਗਾਈ, ਬੇਰੋਜ਼ਗਾਰੀ ਅਤੇ ਘਟਦੇ ਰਿਜ਼ਰਵ ਡਾਲਰ ਵਰਗੇ ਕਾਰਨ ਦੱਸੇ ਜਾ ਰਹੇ ਹਨ।17 ਕਰੋੜ ਦੀ ਅਬਾਦੀ ਵਿੱਚ ਕਰੀਬ 3.2 ਕਰੋੜ ਨੌਜਵਾਨ ਨੌਕਰੀ ਅਤੇ ਪੜ੍ਹਾਈ ਤੋਂ ਬਾਹਰ ਹਨ।ਬੰਗਾਲਦੇਸ਼ ਵਿੱਚ ਸਾਲ ਦਰ ਸਾਲ ਮੈਡੀਕਲ ਸਿੱਖਿਆ ਵਿੱਚ ਨਿਵੇਸ਼ ਕਾਰਨ ਪੇਂਡੂ ਖੇਤਰਾਂ ਸਿਹਤ ਸਹੂਲਤਾਂ ਵਿੱਚ ਖਾਸ ਕਰਕੇ ਸੁਧਾਰ ਹੋਇਆ ਹੈ।ਭਾਰਤ ਤੋਂ ਬੰਗਲਾਦੇਸ਼ ਦੀਆਂ ਇਨ੍ਹਾਂ ਮੈਡੀਕਲ ਸੰਸਥਾਵਾਂ ਵਿੱਚ ਦਾਖਲੇ ਲਈ ਸਲਾਹਕਾਰੀ ਦੇਣ ਵਾਲੇ ਕੋਲਕਾਤਾ ਦੇ ਕਾਜ਼ੀ ਮੁਹੰਮਦ ਹਬੀਬ ਕਹਿੰਦੇ ਹਨ, ਬੰਗਲਾ ਦੇਸ਼ ਵਿੱਚ ਬਹੁਤ ਹੀ ਥੋੜ੍ਹੇ ਸਮੇਂ ਵਿੱਚ ਲਗਭਗ 70 ਮੈਡੀਕਲ ਕਾਲਜ ਖੁੱਲ੍ਹ ਗਏ ਹਨ ਅਤੇ ਇਨ੍ਹਾਂ 70 ਕਾਲਜਾਂ ਵਿੱਚ 3100 ਸੀਟਾਂ ਹਨ। ਇਨ੍ਹਾਂ ਸੀਟਾਂ ਵਿੱਚ ਜ਼ਿਆਦਾਤਰ 45 ਫੀਸਦੀ ਵਿਦੇਸ਼ੀ ਵਿਦਿਆਰਥੀ ਹੀ ਦਾਖ਼ਲਾ ਲੈਂਦੇ ਹਨ।

ਉਨ੍ਹਾਂ ਵਿੱਚੋਂ ਜ਼ਿਆਦਾਤਰ ਗਿਣਤੀ ਭਾਰਤੀ ਵਿਦਿਆਰਥੀਆਂ ਦੀ ਹੁੰਦੀ ਹੈ।ਬੰਗਲਾਦੇਸ਼ ਦੇ ਮੈਡੀਕਲ ਸਿੱਖਿਆ ਡਾਇਰੈਕਟੋਰੇਟ ਦੇ ਅਪ੍ਰੈਲ ਵਿੱਚ ਜਾਰੀ ਅੰਕੜਿਆਂ ਮੁਤਾਬਕ, 2023-24 ਵਿੱਚ ਕੁੱਲ 1067 ਭਾਰਤੀ ਵਿਦਿਆਰਥੀਆਂ ਨੇ ਮੈਡੀਕਲ ਸਟਰੀਮ ਵਿੱਚ ਦਾਖਲਾ ਲਿਆ।ਨੇਪਾਲ, ਭੂਟਾਨ ਅਤੇ ਪਾਕਿਸਤਾਨ ਤੋਂ ਲੜੀਵਾਰ 264, 12 ਅਤੇ 2 ਵਿਦਿਆਰਥੀ ਆਏ ਜਦਕਿ ਫਰਾਂਸ, ਬ੍ਰਿਟੇਨ ਅਤੇ ਕੈਨੇਡਾ ਨੇ ਇੱਕ-ਇੱਕ ਵਿਦਿਆਰਥੀ ਭੇਜਿਆ।ਬੰਗਲਾਦੇਸ਼ ਦੇ ਸਰਕਾਰੀ ਕਾਲਜਾਂ ਵਿੱਚ 220 ਸੀਟਾਂ ਸਾਰਕ ਦੇਸ਼ਾਂ ਦੇ ਵਿਦਿਆਰਥੀਆਂ ਲਈ ਰਾਖਵੀਆਂ ਹਨ।

ਭਾਰਤ ਇਨ੍ਹਾਂ ਸੀਟਾਂ ਲਈ 22 ਵਿਦਿਆਰਥੀਆਂ ਨੂੰ ਭੇਜ ਸਕਦਾ ਹੈ।ਹਬੀਬ ਇੱਕ ਪਾਸੇ ਜਿੱਥੇ ਨਿੱਜੀ ਕਾਲਜਾਂ ਦੇ ਵਿਸਥਾਰ ਨੂੰ ਸਾਰਕ ਦੇਸਾਂ ਦੇ ਵਿਦਿਆਰਥੀਆਂ ਲਈ ਚੰਗੀ ਖ਼ਬਰ ਮੰਨਦੇ ਹਨ ਦੂਜੇ ਪਾਸੇ ਬੰਗਲਾਦੇਸ਼ ਵੀ ਭਾਰਤੀ ਵਿਦਿਆਰਥੀਆਂ ਤੋਂ ਠੀਕ-ਠਾਕ ਕਮਾਈ ਕਰ ਰਿਹਾ ਹੈ।ਬੰਗਲਾਦੇਸ਼ ਵਿੱਚ ਮੈਡੀਕਲ ਦੀ ਪੜ੍ਹਾਈ ਦਾ ਖਰਚਾ ਔਸਤਨ 30-50 ਹਜ਼ਾਰ ਅਮਰੀਕੀ ਡਾਲਰ ਪੈਂਦਾ ਹੈ।

**ਬੰਗਲਾਦੇਸ਼ ਤੋਂ ਮਰੀਜ਼ ਵੀ ਇਲਾਜ ਲਈ ਭਾਰਤ ਆਉਂਦੇ ਹਨ**

ਫਿਰ ਵੀ ਵੱਡੀ ਗਿਣਤੀ ਵਿੱਚ ਬੰਗਲਾਦੇਸ਼ੀ ਮਰੀਜ਼ ਇਲਾਜ ਲਈ ਭਾਰਤ ਖਾਸ ਕਰਕੇ ਪੱਛਮੀ ਬੰਗਾਲ ਆਉਂਦੇ ਹਨ। ਇਸ ਦੇ ਪਿੱਛੇ ਵੀ ਮਹਿੰਗਾ ਇਲਾਜ ਅਤੇ ਮੈਡੀਕਲ ਟਰੈਵਲ ਏਜੰਸੀਆਂ ਦੇ ਵਧਣ ਨੂੰ ਕਾਰਨ ਮੰਨਿਆ ਜਾਂਦਾ ਹੈ।ਇੱਕ ਅੰਦਾਜ਼ੇ ਮੁਤਾਬਕ, ਦੱਖਣੀ ਕੋਲਕਾਤਾ ਦੇ ਇੱਕ ਨਿੱਜੀ ਹਸਪਤਾਲ ਵਿੱਚ 30-40 ਫੀਸਦੀ ਮਰੀਜ਼ ਬੰਗਲਾਦੇਸ਼ ਤੋਂ ਆਉਂਦੇ ਹਨ।ਹਬੀਬ ਕਹਿੰਦੇ ਹਨ ਮੈਡੀਕਲ ਸਿੱਖਿਆ ਅਤੇ ਮੈਡੀਕਲ ਸਹੂਲਤ ਦੋ ਵੱਖ-ਵੱਖ ਚੀਜ਼ਾਂ ਹਨ। ਬੰਗਲਾਦੇਸ਼ ਨੇ ਮੈਡੀਕਲ ਸਿੱਖਿਆ ਦੇ ਖੇਤਰ ਵਿੱਚ ਤਾਂ ਚੰਗਾ ਕੰਮ ਕੀਤਾ ਹੈ ਪਰ ਮੈਡੀਕਲ ਸਹੂਲਤਾਂ ਵਿੱਚ ਅਜੇ ਹੋਰ ਵਿਕਾਸ ਕਰਨ ਦੀ ਲੋੜ ਹੈ।ਦੱਖਣੀ ਏਸ਼ੀਆ ਦੇ ਵਿਦਿਆਰਥੀ ਸਿਰਫ਼ ਮੈਡੀਕਲ ਸੰਸਥਾਵਾਂ ਵਿੱਚ ਹੀ ਨਹੀਂ ਆਉਂਦੇ। ਵਿਜ਼ੂਅਲ ਆਰਟਸ ਅਤੇ ਸੋਸ਼ਲ ਸਾਇੰਸ ਦੀਆਂ ਵੱਡੀਆਂ ਸੰਸਥਾਵਾਂ ਵਿੱਚ ਵੀ ਭਾਰਤੀ ਵਿਦਿਆਰਥੀ ਹਨ।ਅਜਿਹੀ ਹੀ ਇੱਕ ਸੰਸਥਾ ਹੈ— ਪਾਠਸ਼ਾਲਾ—ਇੱਕ ਸਕੂਲ ਜਿੱਥੇ ਫੋਟੋਗ੍ਰਾਫ਼ੀ ਅਤੇ ਟੈਲੀਵਿਜ਼ਨ ਐਂਡ ਫ਼ਿਲਮ ਦੀ ਸਿਖਲਾਈ ਦਿੱਤੀ ਜਾਂਦੀ ਹੈ।ਇੱਥੋਂ ਦੀ ਇੱਕ ਸਾਬਕਾ ਵਿਦਿਆਰਥਣ, ਸੁਪਰਣਾ ਨਾਥ ਨੇ ਸੰਸਥਾ ਨੂੰ ਆਪਣੀ ਤਰ੍ਹਾਂ ਦੀ ਇੱਕ ਅਨੋਖੀ ਸੰਸਥਾ ਦੱਸਦੇ ਹਨ।ਦੱਖਣ ਅਤੇ ਦੱਖਣ ਪੂਰਬੀ ਏਸ਼ੀਆ ਵਿੱਚ ਜਿੱਥੇ ਬੰਗਲਾਦੇਸ਼ ਇੱਕ ਮਹੱਤਵਪੂਰਨ ਵਿਦਿਅਕ ਧੁਰੇ ਦੇ ਰੂਪ ਵਿੱਚ ਸਾਹਮਣੇ ਆ ਰਿਹਾ ਹੈ, ਤਾਂ ਉੱਥੇ ਹੀ ਹਾਲ ਦੀ ਅਸਥਿਰਤਾ ਨੇ ਵਿਦਿਆਰਥੀਆਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਵਿਦਿਆਰਥੀਆਂ ਦੇ ਅਨੁਸਾਰ ਇੱਕ ਦੋਸਤਾਨਾ ਮਾਹੌਲ ਵਾਲੇ ਦੇਸ ਵਿੱਚ ਪਿਛਲੇ ਕੁਝ ਦਿਨ ਕਾਫ਼ੀ ਦੁਖੀ ਕਰਨ ਵਾਲੇ ਰਹੇ ਹਨ।ਸ਼ੇਖ ਹਸੀਨਾ ਦੇਸ਼ ਵਿੱਚ ਹਾਲ ਦੇ ਤਣਾਅ ਦੇ ਲਈ ਆਪਣੇ ਸਿਆਸੀ ਵਿਰੋਧੀਆਂ ਨੂੰ ਕਸੂਰਵਾਰ ਦੱਸਦੇ ਹਨ। ਹਾਲਾਂਕਿ ਵਿਰੋਧੀ ਪਾਰਟੀਆਂ ਸ਼ੇਖ ਹਸੀਨਾ ਨੇ ਇਲਜ਼ਾਮ ਨੂੰ ਸਿਰੇ ਤੋਂ ਖਾਰਿਜ ਕਰਦੀਆਂ ਹਨ।ਜਦਕਿ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਹਾਲ ਹੀ ਵਿੱਚ ਹੋਈਆਂ ਹਿੰਸਕ ਘਟਨਾਵਾਂ ਦੇ ਕਾਰਨ ਬੰਗਾਲਦੇਸ਼ ਨੂੰ ਭਾਰੀ ਨੁਕਸਾਨ ਪਹੁੰਚ ਸਕਦਾ ਹੈ।ਵਿਦਿਆਰਥੀਆਂ ਨੂੰ ਉਮੀਦ ਹੈ ਕਿ ਬੰਗਲਾਦੇਸ਼ ਬਹੁਤ ਛੇਤੀ ਦੇਸ ਵਿੱਚ ਜਾਰੀ ਤਣਾਅ ਨੂੰ ਖ਼ਤਮ ਕਰ ਲਵੇਗਾ, ਜਿਸ ਨਾਲ ਉਸਦਾ ਵਿਦਿਅਕ ਪੱਧਰ ਹੋਰ ਜ਼ਿਆਦਾ ਸਮੇਂ ਤੱਕ ਅਸਰ ਅੰਦਾਜ਼ ਨਾ ਹੋਵੇ।

## ਘੱਟ ਖਰਚੇ ਤੋਂ ਇਲਾਵਾ ਹੋਰ ਫਾਇਦੇ

ਪੱਛਮੀ ਬੰਗਾਲ ਦੇ 24 ਪਰਗਨਾ ਵਿੱਚ ਜੌਏ ਨਗਰ ਦੇ ਇੱਕ ਹੈਡਮਾਸਟਰ ਦੇ ਪੁੱਤਰ ਬਾਸਿਤ ਅਨਵਰ ਭਾਰਤੀ ਵਿਦਿਆਰਥੀਆਂ ਦੇ ਨਾਲ ਹੋਰ ਦੇਸਾਂ ਦੇ ਮੁਕਾਬਲੇ ਬੰਗਲਾ ਦੇਸ਼ ਚੁਣਨ ਦੇ ਪਿੱਛੇ ਕਾਰਨ ਦੱਸਦੇ ਹਨ।ਬਾਸਿਤ ਅਨਵਰ ਕਹਿੰਦੇ ਹਨ, ਘੱਟ ਖਰਚੇ ਦੇ ਕਾਰਨ ਭਾਰਤੀ ਵਿਦਿਆਰਥੀ ਮੈਡੀਕਲ ਦੀ ਪੜ੍ਹਾਈ ਲਈ ਰੂਸ ਅਤੇ ਯੂਕਰੇਨ ਨੂੰ ਪਹਿਲਾਂ ਵੀ ਪਹਿਲ ਦਿੰਦੇ ਸਨ ਅਤੇ ਹੁਣ ਵੀ ਦਿੰਦੇ ਹਨ ਲੇਕਿਨ ਬੰਗਾਲਦੇਸ਼ ਵਿੱਚ ਪੜ੍ਹਨ ਦਾ ਇੱਕ ਵੱਡਾ ਫਾਇਦਾ ਹੈ।ਪੱਛਮੀ ਦੇਸਾਂ ਵਿੱਚੋਂ ਕੁਝ ਚੋਣਵੇਂ ਦੇਸ਼ਾਂ ਨੂੰ ਛੱਡ ਕੇ ਭਾਰਤ ਤੋਂ ਬਾਹਰ ਮੈਡੀਕਲ ਦੀ ਪੜ੍ਹਾਈ ਕਰਕੇ ਦੇਸ ਪਰਤਣ ਵਾਲੇ ਭਾਰਤੀ ਵਿਦਿਆਰਥੀਆਂ ਨੂੰ ਫਾਰੇਨ ਮੈਡੀਕਲ ਗਰੈਜੂਏਸ਼ਨ ਇਮੀਗ੍ਰੇਸ਼ਨ (ਐੱਫਐੱਮਜੀਈ) ਪਾਸ ਕਰਨਾ ਪੈਂਦਾ ਹੈ। ਇਸ ਪ੍ਰੀਖਿਆ ਵਿੱਚ ਪਾਸ ਹੋਣ ਵਾਲਿਆਂ ਵਿੱਚ ਬੰਗਲਾਦੇਸ਼ ਤੋਂ ਪੜ੍ਹੇ ਭਾਰਤੀ ਵਿਦਿਆਰਥੀਆਂ ਦੀ ਫੀਸਦੀ ਬਹੁਤ ਜ਼ਿਆਦਾ ਹੁੰਦੀ ਹੈ।ਬਾਸਿਤ ਕਹਿੰਦੇ ਹਨ, ਸ਼ਾਇਦ ਇਹੀ ਸੰਭਾਵੀ ਕਾਰਨ ਹੈ ਜਿਸ ਕਾਰਨ ਜ਼ਿਆਦਾ ਭਾਰਤੀ ਵਿਦਿਆਰਥੀ ਬੰਗਾਲਾਦੇਸ਼ ਦਾ ਰੁਖ ਕਰ ਰਹੇ ਹਨ। ਦੋਵਾਂ ਦੇਸਾਂ ਦਾ ਸਿਲੇਬਸ ਲਗਭਗ ਇੱਕੋ-ਜਿਹਾ ਹੈ। ਇਸ ਲਈ ਉਨ੍ਹਾਂ ਨੂੰ ਐੱਫਐੱਮਜੀਈ ਨੂੰ ਪਾਸ ਕਰਨ ਲਈ ਸਾਡੀ ਲੋੜ ਬਾਰੇ ਪਤਾ ਹੁੰਦਾ ਹੈ। ਇਸ ਵਿੱਚ ਸਾਨੂੰ 19 ਵਿਸ਼ਿਆਂ ਵਿੱਚੋਂ 300 ਤੋਂ 150 ਅੰਕ ਹਾਸਲ ਕਰਨੇ ਪੈਂਦੇ ਹਨ। ਹਾਲਾਂਕਿ ਕੋਈ ਕਟਆਫ਼ ਨਹੀਂ ਹੈ ਲੇਕਿਨ ਸਾਨੂੰ ਘੱਟੋ-ਘੱਟ 50 ਫੀਸਦੀ ਸਕੋਰ ਕਰਨਾ ਪੈਂਦਾ ਹੈ।ਬਾਸਿਤ ਦੇ ਦੋਸਤ ਕਹਿੰਦੇ ਹਨ ਕਿ ਐੱਫਐੱਮਜੀਈ ਦੀ ਪ੍ਰੀਖਿਆ ਵਿੱਚ ਸ਼ਾਮਲ ਹੋਣ ਲਈ ਕੋਈ ਸਮਾਂ ਸੀਮਾ ਨਹੀਂ ਹੈ, ਪਰ ਬੰਗਲਾਦੇਸ਼ ਤੋਂ ਪੜ੍ਹੇ ਵਿਦਿਆਰਥੀ ਅਕਸਰ ਪ੍ਰੀਖਿਆ ਵਿੱਚ ਪਾਸ ਹੋ ਜਾਂਦੇ ਹਨ।

# ਓਲੰਪਿਕ ਲਹਿਰ ਵਿੱਚ 'ਵਿਸ਼ੇਸ਼ ਯੋਗਦਾਨ' ਲਈ ਬਿੰਦਰਾ 'ਓਲੰਪਿਕ ਆਰਡਰ' ਨਾਲ ਸਨਮਾਨਤ

ਪੈਰਿਸ- ਭਾਰਤੀ ਨਿਸ਼ਾਨੇਬਾਜ਼ ਅਭਿਨਵ ਬਿੰਦਰਾ ਨੂੰ ਓਲੰਪਿਕ ਲਹਿਰ ਵਿੱਚ ਉਨ੍ਹਾਂ ਦੇ 'ਵਿਸ਼ੇਸ਼ ਯੋਗਦਾਨ' ਲਈ ਵੱਕਾਰੀ ਓਲੰਪਿਕ ਆਰਡਰ ਨਾਲ ਸਨਮਾਨਤ ਕੀਤਾ ਗਿਆ। ਬੀਜਿੰਗ 2008 ਓਲੰਪਿਕ ਖੇਡਾਂ 'ਚ 10 ਮੀਟਰ ਏਅਰ ਰਾਈਫਲ ਮੁਕਾਬਲੇ 'ਚ ਚੋਟੀ 'ਤੇ ਰਹਿ ਕੇ ਭਾਰਤ ਦੇ ਪਹਿਲੇ ਓਲੰਪਿਕ ਵਿਅਕਤੀਗਤ ਸੋਨ ਤਮਗ਼ਾ ਜੇਤੂ ਬਿੰਦਰਾ ਨੂੰ ਸ਼ਨੀਵਾਰ ਨੂੰ ਇੱਥੇ ਅੰਤਰਰਾਸ਼ਟਰੀ ਓਲੰਪਿਕ ਕਮੇਟੀ (ਆਈਓਸੀ) ਦੇ 142ਵੇਂ ਸੈਸ਼ਨ ਦੌਰਾਨ ਇਹ ਸਨਮਾਨ ਦਿੱਤਾ ਗਿਆ।ਬਿੰਦਰਾ ਨੇ ਕਿਹਾ, ਜਦੋਂ ਮੈਂ ਜਵਾਨ ਸੀ, ਇਹ ਓਲੰਪਿਕ ਰਿੰਗਾਂ ਨੇ ਮੇਰੇ ਜੀਵਨ ਨੂੰ ਅਰਥ ਦਿੱਤਾ, ਅਤੇ ਇਹ ਮੇਰੇ ਲਈ ਦੋ ਦਹਾਕਿਆਂ ਤੋਂ ਵੱਧ ਸਮੇਂ ਲਈ ਓਲੰਪਿਕ ਸੁਪਨੇ ਨੂੰ ਪੂਰਾ ਕਰਨ ਦੇ ਯੋਗ ਸੀ। ਇੱਕ ਐਥਲੀਟ ਦੇ ਰੂਪ ਵਿੱਚ ਆਪਣੇ ਕਰੀਅਰ ਤੋਂ ਬਾਅਦ, ਓਲੰਪਿਕ ਅੰਦੋਲਨ ਵਿੱਚ ਯੋਗਦਾਨ ਪਾਉਣ ਦੀ ਕੋਸ਼ਿਸ਼ ਕਰਨਾ ਮੇਰੇ ਲਈ ਇੱਕ ਬਹੁਤ ਵੱਡਾ ਜਨੂੰਨ ਰਿਹਾ ਹੈ। ਇਹ ਮੇਰੇ ਲਈ ਖੁਸ਼ਕਿਸਮਤੀ ਅਤੇ ਸਨਮਾਨ ਦੀ ਗੱਲ ਹੈ।ਆਈਓਸੀ ਐਥਲੀਟ ਕਮਿਸ਼ਨ ਦੇ ਵਾਈਸ-ਚੇਅਰਮੈਨ, 41 ਸਾਲਾ ਬਿੰਦਰਾ ਨੇ ਕਿਹਾ ਕਿ ਇਹ ਪੁਰਸਕਾਰ ਉਸ ਨੂੰ ਹੋਰ ਵੀ ਸਖ਼ਤ ਮਿਹਨਤ ਕਰਨ ਅਤੇ ਓਲੰਪਿਕ ਲਹਿਰ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕਰੇਗਾ। ਓਲੰਪਿਕ ਆਰਡਰ, 1975 ਵਿੱਚ ਸਥਾਪਿਤ, ਓਲੰਪਿਕ ਅੰਦੋਲਨ ਦਾ ਸਭ ਤੋਂ ਉੱਚਾ ਪੁਰਸਕਾਰ ਹੈ। ਇਹ ਓਲੰਪਿਕ ਲਹਿਰ ਵਿੱਚ ਵਿਲੱਖਣ ਯੋਗਦਾਨ ਲਈ ਦਿੱਤਾ ਜਾਂਦਾ ਹੈ।



ਬਿੰਦਰਾ ਨੇ ਸਿਡਨੀ 2000 ਤੋਂ ਬਾਅਦ ਪੰਜ ਓਲੰਪਿਕ ਖੇਡਾਂ ਵਿੱਚ ਹਿੱਸਾ ਲਿਆ। ਉਸਨੇ ਪਹਿਲੀ ਵਾਰ ਏਥਨਜ਼ 2004 ਵਿੱਚ ਆਪਣੀ ਪਛਾਣ ਬਣਾਈ ਜਦੋਂ ਉਸਨੇ ਪੁਰਸ਼ਾਂ ਦੀ 10 ਮੀਟਰ ਏਅਰ ਰਾਈਫਲ ਦੇ ਫਾਈਨਲ ਵਿੱਚ ਜਗ੍ਹਾ ਬਣਾਈ। ਬੀਜਿੰਗ 2008 ਵਿੱਚ, ਉਸਨੇ ਚੀਨ ਦੇ ਡਿਫੈਂਡਿੰਗ ਚੈਂਪੀਅਨ ਝੂ ਕਿਨਾਨ ਨੂੰ ਹਰਾ ਕੇ ਸੋਨ ਤਮਗ਼ਾ ਜਿੱਤਿਆ। ਉਸ ਨੇ ਰੀਓ 2016 'ਚ ਵੀ ਫਾਈਨਲ ਬਣਾਇਆ ਸੀ ਪਰ ਚੌਥੇ ਸਥਾਨ 'ਤੇ ਰਿਹਾ ਸੀ। ਬਿੰਦਰਾ 2018 ਤੋਂ ਆਈਓਸੀ ਐਥਲੀਟ ਕਮਿਸ਼ਨ ਦਾ ਹਿੱਸਾ ਹਨ।

## ਯੂਕ੍ਰੇਨ ਦੇ ਹਮਲਿਆਂ 'ਤੇ ਭੜਕੇ ਪੁਤਿਨ, ਹੁਣ ਰੂਸ ਲਏਗਾ ਬਦਲਾ



ਮੌਸਕੋ: ਰੂਸ ਦੁਆਰਾ ਯੂਕਰੇਨ ਦੇ ਕੁਰਸਕ ਖੇਤਰ ਤੇ ਕਬਜ਼ੇ ਤੋਂ ਬਾਅਦ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਗੁੱਸੇ ਚ ਹਨ। ਇਹ ਖਦਸ਼ਾ ਹੈ ਕਿ ਉਹ ਯੂਕਰੇਨ 'ਤੇ ਵੱਡੇ ਜਵਾਬੀ ਹਮਲੇ ਕਰ ਸਕਦੇ ਹਨ। ਯੂਕਰੇਨ ਨੇ ਕੁਰਸਕ ਨਾਮਕ ਰੂਸ ਦੇ ਇੱਕ ਮਹੱਤਵਪੂਰਨ ਖੇਤਰ 'ਤੇ ਹਮਲਾ ਕੀਤਾ ਅਤੇ ਲਗਭਗ 95 ਵਰਗ ਮੀਲ ਦੇ ਖੇਤਰ 'ਤੇ ਕਬਜ਼ਾ ਕਰ ਲਿਆ। ਇਸ ਕਾਰਨ ਹਜ਼ਾਰਾਂ ਲੋਕਾਂ ਨੂੰ ਆਪਣੇ ਘਰ ਛੱਡਣ ਲਈ ਮਜਬੂਰ ਹੋਣਾ ਪਿਆ।ਕੱਲ੍ਹ, ਯੂਕਰੇਨੀ ਫੌਜ ਨੇ ਇੱਕ ਵੀਡੀਓ ਜਾਰੀ ਕੀਤਾ ਸੀ ਜਿਸ 'ਚ ਦਾਅਵਾ ਕੀਤਾ ਗਿਆ ਸੀ ਕਿ ਉਨ੍ਹਾਂ ਨੇ ਰੂਸ 'ਚ ਕੁਰਸਕ ਨਾਮਕ ਇੱਕ ਮਹੱਤਵਪੂਰਨ ਖੇਤਰ ਤੇ ਯੂਰਪ ਨੂੰ ਸਪਲਾਈ ਕਰਨ ਵਾਲੇ ਇੱਕ ਗੈਸ ਪਲਾਂਟ 'ਤੇ ਕਬਜ਼ਾ ਕਰ ਲਿਆ ਹੈ। ਯੂਕਰੇਨ ਦੇ ਇਸ ਹਮਲੇ ਦੇ ਜਵਾਬ ਵਿੱਚ ਪੁਤਿਨ ਦੀ ਪ੍ਰਤੀਕਿਰਿਆ ਆਈ ਹੈ, ਪੁਤਿਨ ਨੇ ਇਸ ਹਮਲੇ ਦਾ ਜਵਾਬ ਦੇਣ ਲਈ ਸਖਤ ਕਦਮ ਚੁੱਕਣ ਦੀ ਗੱਲ ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਯੂਕਰੇਨ ਨੇ ਰੂਸ ਦੀਆਂ ਸਰਹੱਦਾਂ ਪਾਰ ਕਰ ਲਈਆਂ ਹਨ ਅਤੇ ਸਖ਼ਤ ਜਵਾਬੀ ਕਾਰਵਾਈ ਕੀਤੀ ਜਾਵੇਗੀ।

# ਪੰਜਾਬੀਆਂ ਦੇ ਵਿਆਹ-ਸ਼ਾਦੀਆਂ ਪੁਰ ਹੁੰਦੇ ਸ਼ਾਹੀ ਖਰਚ ?



-ਜਸਵੰਤ ਸਿੰਘ ਅਜੀਤ
(437) 983 – 1975

ਪੰਜਾਬੀ ਸਮਾਜ ਵਿੱਚ ਵਿਆਹ-ਸ਼ਾਦੀਆਂ ਦੇ ਸਮਾਗਮਾਂ ਪੁਰ ਕੀਤੇ ਜਾਂਦੇ ਤਾਮ-ਝਾਮ ਪੁਰ ਹੋ ਰਹੇ ਸ਼ਾਹਾਨਾ ਖਰਚਾਂ ਨੂੰ ਠਲ੍ਹ ਪਾਣ ਲਈ ਇੱਕ ਪ੍ਰਭਾਵੀ ਮੁਹਿੰਮ ਸ਼ੁਰੂ ਕਰਨ ਲਈ ਇੰਟਰਨੈਸ਼ਨਲ ਪੰਜਾਬੀ ਫੋਰਮ ਵਲੋਂ ਨਵੀਂ ਦਿੱਲੀ ਵਿੱਖੇ ਪਤਵੰਤੇ ਪੰਜਾਬੀਆਂ ਦੀ ਇੱਕ ਉੱਚ-ਪਧੱਰੀ ਬੈਠਕ ਸਦੀ ਗਈ। ਜਿਸ ਵਿੱਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਮਨਜੀਤ ਸਿੰਘ ਜੀਕੇ ਸਹਿਤ ਕਈ ਹੋਰ ਪੰਜਾਬੀ ਸੰਸਥਾਵਾਂ ਦੇ ਮੁੱਖੀਆਂ ਨੇ ਵੀ ਹਿੱਸਾ ਲਿਆ। ਇਸ ਬੈਠਕ ਦੀ ਸਮਾਪਤੀ ਤੋਂ ਬਾਅਦ ਦਸਿਆ ਗਿਆ ਕਿ ਇਸ ਬੈਠਕ ਵਿੱਚ ਪੰਜਾਬੀਆਂ ਵਲੋਂ ਵਿਆਹ-ਸ਼ਾਦੀਆਂ ਪੁਰ ਜੋ ਸ਼ਾਹੀ ਖਰਚ ਕੀਤੇ ਜਾਂਦੇ ਹਨ, ਉਨ੍ਹਾਂ ਨੂੰ ਠਲ੍ਹ ਪਾਣ ਦੇ ਲਈ ਖੁਲ੍ਹ ਕੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਵਿਚਾਰ-ਵਟਾਂਦਰ ਵਿੱਚ ਵਿਆਹ-ਸ਼ਾਦੀਆਂ ਪੁਰ ਹੋ ਰਹੇ ਸ਼ਾਹੀ ਖਰਚਿਆਂ ਦੀ ਕੁ-ਪਰੰਪਰਾ ਨੂੰ ਠਲ੍ਹ ਪਾਣ ਲਈ ਸਮੁਚੇ ਪੰਜਾਬੀ ਭਾਈਚਾਰੇ ਵਿੱਚ ਇੱਕ ਪ੍ਰਭਾਵੀ ਮੁਹਿੰਮ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਮੁਹਿੰਮ ਦੇ ਤਹਿਤ ਸਭ ਤੋਂ ਪਹਿਲਾਂ ਪੰਜਾਬੀਆਂ ਵਲੋਂ ਵਿਆਹ-ਸ਼ਾਦੀਆਂ ਲਈ ਭੇਜੇ ਜਾਂਦੇ ਬਹੁ-ਖਰਚੀਲੇ ਸਦਾ-ਪੱਤਰਾਂ ਅਤੇ ਉਨ੍ਹਾਂ ਨਾਲ ਵੰਡੇ ਜਾਂਦੇ ਮਿਠਾਈ, ਖੁਸ਼ਕ ਮੇਵਿਆਂ ਆਦਿ ਦੇ ਡੱਬਿਆਂ ਦੀ ਪ੍ਰਥਾ ਨੂੰ ਬੰਦ ਕਰ, ਸੱਦਾ ਦੇਣ ਲਈ ਡਿਜਿਟਲ ਢੰਗ ਅਪਨਾਣ ਅਤੇ ਜਿੱਥੇ ਡਿਜਿਟਲ ਸਹੂਲਤਾਂ ਦੀ ਉਪਲਬੱਧਤਾ ਨਹੀਂ, ਉਥੇ ਰਿਸ਼ਤੇਦਾਰਾਂ, ਦੋਸਤਾਂ ਅਤੇ ਹੋਰ ਜਾਣ-ਪਛਾਣ ਵਾਲੇ ਸਜਣਾਂ ਨੂੰ ਸਾਦੇ ਛਪੇ ਸਦਾ-ਪਤੱਰਾਂ ਭੇਜੇ ਜਾਣ ਨੂੰ ਪਰੰਪਰਾ ਨੂੰ ਉਤਸਾਹਿਤ ਕੀਤਾ ਜਾਇਗਾ।

ਪੰਜਾਬੀ ਚਿੰਤਕਾਂ ਅਨੁਸਾਰ ਇੰਟਰਨੈਸ਼ਨਲ ਪੰਜਾਬੀ ਫੋਰਮ ਵਲੋਂ ਸਦੀ ਗਈ ਬੈਠਕ ਵਿੱਚ ਲਿਆ ਗਿਆ, ਉਪ੍ਰੋਕਤ ਫੈਸਲਾ ਹੈ ਤਾਂ ਬਹੁਤ ਸ਼ਲਾਘਾਯੋਗ। ਪਰ ਸੁਆਲ ਉਠਦਾ ਹੈ ਕਿ 'ਬਿੱਲੀ ਦੇ ਗਲ' ਵਿੱਚ ਘੰਟੀ ਬੰਨ੍ਹੇਗਾ ਕੌਣ ? ਇਸਦਾ ਕਾਰਣ ਇਹ ਮੰਨਿਆ ਜਾਂਦਾ ਹੈ ਕਿ ਜੇ ਇਸ ਫੈਸਲੇ ਨੂੰ ਅਮਲ ਵਿੱਚ ਲਿਆਂਦੇ ਜਾਣ ਦੀ ਕਸੌਟੀ ਪੁਰ ਪਰਖਿਆ ਜਾਏ, ਤਾਂ ਇਉਂ ਜਾਪਦਾ ਹੈ ਕਿ ਜਿਵੇਂ ਇਹ ਫੈਸਲਾ ਕਰ, ਇਸਦੀ ਰੂਪ-ਰੇਖਾ ਤਿਆਰ ਕਰ ਲੈਣਾ ਜਿਤਨਾ ਸਹਿਜ ਹੈ, ਉਤਨਾ ਹੀ ਇਸਨੂੰ ਅਮਲ ਵਿੱਚ ਲਿਆ ਪਾਣਾ ਮੁਸ਼ਕਲ ਹੈ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਸਾਬਕਾ ਮੈਂਬਰ ਸ. ਗੁਰਲਾਡ ਸਿੰਘ ਅਨੁਸਾਰ ਬੱਚਿਆਂ-ਬੱਚੀਆਂ ਦੇ ਸਾਦੇ ਵਿਆਹ ਕਰਨ ਦਾ ਜੋ ਫੈਸਲਾ ਕੀਤਾ ਗਿਆ ਹੈ, ਹਾਲਾਂਕਿ ਉਹ ਪ੍ਰਸ਼ੰਸਾਯੋਗ ਹੈ, ਪ੍ਰੰਤੂ ਇਸ ਬੈਠਕ ਵਿੱਚ, ਦਾਜ ਆਦਿ ਉਨ੍ਹਾਂ ਮੁੱਦਿਆਂ ਪੁਰ ਕੋਈ ਵਿਚਾਰ-ਚਰਚਾ ਨਾ ਕੀਤਾ ਜਾਣਾ, ਜਿਨ੍ਹਾਂ ਪੁਰ ਸਭ ਤੋਂ ਵੱਧ ਖਰਚ ਕੀਤਾ ਜਾਂਦਾ ਹੈ, ਕਈ ਸਵਾਲ ਖੜੇ ਕਰ ਜਾਂਦਾ ਹੈ। ਉਨ੍ਹਾਂ ਪੁਛਿਆ ਕਿ ਕੀ ਦਿੱਲੀ ਗੁਰਦੁਆਰਾ ਕਮੇਟੀ ਦੇ ਮੁੱਖੀ ਆਰਥਕ ਰੂਪ ਵਿੱਚ ਕਮਜ਼ੋਰ ਪਰਿਵਾਰਾਂ ਨੂੰ ਆਪਣੇ ਬੱਚਿਆਂ-ਬੱਚੀਆਂ ਦੇ ਵਿਆਹ ਲਈ, ਲਖੀਸ਼ਾਹ ਵਣਜਾਰਾ ਹਾਲ ਮੁਫਤ ਉਪਲਬੱਧ ਕਰਵਾਣ ਲਈ ਤਿਆਰ ਹੋਣਗੇ ? ਜਿਸ ਨਾਲ ਉਨ੍ਹਾਂ ਵਲੋਂ ਆਪਣੇ ਬੱਚੇ-ਬੱਚੀ ਦੀ ਸ਼ਾਦੀ ਪੁਰ ਕੀਤੇ ਜਾਣ ਵਾਲੇ ਖਰਚੇ ਦਾ ਭਾਰ ਘਟ ਸਕੇ ? ਉਨ੍ਹਾਂ ਕਿਹਾ ਕਿ ਵਿਆਹ-ਸ਼ਾਦੀ ਸਮਗਮਾਂ ਪੁਰ ਜਿਨ੍ਹਾਂ ਖਰਚਿਆਂ ਨੂੰ ਬੰਦ ਜਾਂ ਘਟ ਕਰਨ ਦੀ ਗਲ ਕੀਤੀ ਜਾ ਰਹੀ ਹੈ, ਉਹ ਤਾਂ ਕੁਲ ਖਰਚਿਆਂ, ਜਿਨ੍ਹਾਂ ਵਿੱਚ ਦਾਜ ਆਦਿ ਦੇ ਲੈਣ-ਦੇਣ ਅਤੇ ਹੋਰ ਕਈ ਅਡੰਬਰਾਂ ਪੁਰ ਹੋਣ ਵਾਲੇ ਖਰਚੇ ਸ਼ਾਮਲ ਹਨ, ਵਿੱਚੋਂ ਤਾਂ ਨਾਂ-ਮਾਤ੍ਰ ਹੀ ਹੁੰਦੇ ਹਨ।

ਆਮ ਤੌਰ ਤੇ ਵਿਆਹ-ਸ਼ਾਦੀਆਂ ਦੇ ਸਮਾਗਮਾਂ ਪੁਰ ਸਭ ਤੋਂ ਵੱਧ ਖਰਚ ਕੀਤੇ ਜਾਣ ਅਦਿ ਦੀ ਜੋ ਗਲ ਵੇਖਣ ਨੂੰ ਮਿਲਦੀ ਹੈ, ਉਸ ਵਿੱਚ ਇੱਕ-ਤੋਂ-ਇੱਕ ਵੱਧ ਅਜਿਹਾ ਤਾਮ-ਝਾਮ ਕੀਤਾ ਜਾਣਾ ਹੈ, ਜਿਸਦਾ ਸੰਬੰਧ ਅੱਜ ਸਮਾਜ ਅਤੇ ਰਾਜਨੀਤੀ ਵਿੱਚਲੇ ਸਟੇਟਸ ਨਾਲ ਜੁੜ ਕੇ ਰਹਿ ਗਿਆ ਹੋਇਆ ਹੈ। ਜਿਥੇ ਸਮਰਥਾਵਾਨ ਲੋਕੀ, ਸਮਾਜ ਵਿੱਚ ਆਪਣੇ ਸਟੇਟਸ ਨੂੰ ਬਹਾਲ ਰਖਣ ਲਈ ਇੱਕ-ਦੂਜੇ ਤੋਂ ਵੱਧ, ਤਾਮ-ਝਾਮ ਦਾ ਪ੍ਰਦਰਸ਼ਨ ਕਰਦੇ ਹਨ, ਉਥੇ ਹੀ ਰਾਜਨੀਤੀ ਵਿੱਚ ਮੂੰਹ ਮਾਰਨ ਵਾਲੇ ਇਹ ਮੰਨ, ਕਿ ਉਹ ਇਸ ਮੌਕੇ ਪੁਰ ਜਿਤਨਾ ਹੀ ਵੱਡਾ ਅਡੰਬਰ ਰਚਣਗੇ, ਰਾਜਨੀਤਕ ਖੇਤ੍ਰ ਵਿੱਚ ਉਨ੍ਹਾਂ ਦੇ ਸਟੇਟਸ ਦਾ ਉਤਨਾ ਹੀ ਵੱਧ ਦਬਦਬਾ ਬਣੇਗਾ। ਇਨ੍ਹਾਂ ਹਾਲਾਤ ਵਿੱਚ ਉਨ੍ਹਾਂ ਨੂੰ ਜੇ ਆਪਣੇ ਬੱਚਿਆਂ ਦਾ ਸਾਦਾ ਵਿਆਹ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਉਨ੍ਹਾਂ ਦਾ ਇੱਕ-ਮਾਤ੍ਰ ਘੜਿਆ-ਘੜਾਇਆ ਜਵਾਬ ਹੁੰਦਾ ਹੈ ਕਿ ਉਨ੍ਹਾਂ ਵਲੋਂ ਅਯੋਜਿਤ ਵਿਆਹ-ਸ਼ਾਦੀ ਦੇ ਸਮਾਗਮਾਂ ਵਿੱਚ ਕੀਤਾ ਗਿਆ ਤਾਮ-ਝਾਮ, ਜੇ ਉਨ੍ਹਾਂ ਦੇ ਸਮਾਗਮ ਵਿੱਚ ਸ਼ਾਮਲ ਹੋਣ ਲਈ ਆਉਣ ਵਾਲੀਆਂ ਸਮਾਜਕ ਅਤੇ ਰਾਜਸੀ ਖੇਤ੍ਰ ਦੀਆਂ ਵੱਡੀਆਂ-ਵੱਡੀਆਂ ਹਸਤੀਆਂ ਦੀਆਂ ਨਜ਼ਰਾਂ ਨੂੰ ਨਾ ਜਚਿਆ, ਤਾਂ ਕੀ ਸਮਾਜ ਵਿੱਚ ਉਨ੍ਹਾਂ ਦੀ ਨੱਕ ਨਹੀਂ ਕਟ ਜਾਇਗੀ ? ਉਨ੍ਹਾਂ ਨੇ ਸਮਾਜਕ ਤੇ ਰਾਜਸੀ ਹਲਕਿਆਂ ਵਿੱਚ ਆਪਣੀ ਨੱਕ ਵੀ ਤਾਂ ਬਚਾਈ ਰਖਣੀ ਹੈ !

ਜੇ ਇਥੇ, ਇਸੇ ਸੋਚ ਅਧੀਨ ਹੋਈਆਂ ਕੁਝ ਸ਼ਾਦੀਆਂ ਵਿਚੋਂ ਦੋ-ਕੁ ਸ਼ਾਦੀਆਂ ਦਾ ਜ਼ਿਕਰ ਕੀਤਾ ਜਾਏ ਤਾਂ ਕੁਥਾਉਂ ਨਹੀਂ ਹੋਵੇਗਾ। ਲਗਭਗ ਸਾਰੇ ਹੀ ਸਿੱਖ ਜਾਣਦੇ ਹਨ ਕਿ ਅਕਾਲ ਤਖਤ ਤੋਂ ਇੱਕ ਹੁਕਮਨਾਮਾ ਜਾਰੀ ਕਰ, ਸਮੂਹ ਸਿੱਖ ਜਗਤ ਨੂੰ ਹਿਦਾਇਤ ਕੀਤੀ ਗਈ ਹੈ ਕਿ ਉਹ ਆਪਣੇ ਪਰਿਵਾਰਕ ਸ਼ਾਦੀ-ਵਿਆਹ ਦੇ ਸਮਾਗਮ ਪੂਰੀ ਤਰ੍ਹਾਂ ਸਾਦੇ ਢੰਗ ਨਾਲ ਕੀਤਾ ਕਰਨ। ਇਸਦੇ ਬਾਵਜੂਦ ਬੀਤੇ ਦਿਨੀਂ ਇੱਕ ਇਤਿਹਾਸਕ ਗੁਰਦੁਆਰੇ ਦੇ ਹੈੱਡ ਗ੍ਰੰਥੀ ਵਲੋਂ ਆਪਣੇ ਪੁਤਰ ਦੀ ਰਿੰਗ-ਸੇਰੇਮਨੀ ਅਤੇ ਵਿਆਹ ਦੇ, ਦੋ ਵੱਖ-ਵੱਖ ਆਯੋਜਨਾਂ ਲਈ ਬਹੁਤ ਹੀ ਵਧੀਆ ਸਦਾ-ਪਤੱਰ ਮਹਿੰਗੀਆਂ ਵਸਤਾਂ ਨਾਲ ਭਰੇ ਡੱਬਿਆਂ ਨਾਲ ਵੰਡੇ ਗਏ। ਜਦੋਂ ਉਹ ਇਹ ਸਦਾ-ਪਤ੍ਰ ਵੰਡ ਰਹੇ ਸਨ, ਤਾਂ ਉਸੇ ਦੌਰਾਨ ਇੱਕ ਸਜਣ ਨੇ ਉਨ੍ਹਾਂ ਦਾ ਧਿਆਨ ਅਕਾਲ ਤਖਤ ਤੋਂ ਜਾਰੀ ਹੁਕਮਨਾਮੇ ਵਲ ਦੁਆਇਆ, ਪਹਿਲਾਂ ਤਾਂ ਉਨ੍ਹਾਂ ਗਲ ਨੂੰ ਅਣਗੋਲਿਆਂ ਕਰ ਦਿੱਤਾ, ਫਿਰ ਦਬੀ ਜ਼ਬਾਨ ਵਿੱਚ ਕਹਿਣ ਲਗੇ ਕਿ ਉਨ੍ਹਾਂ ਦੀ ਜਾਣ-ਪਛਾਣ ਦਾ ਘੇਰਾ ਨਾ ਕੇਵਲ ਵਸੀਹ ਹੈ, ਸਗੋਂ ਉਸ ਵਿੱਚ ਕਈ ਪ੍ਰਮੁਖ ਪ੍ਰਭਾਵਸ਼ਾਲੀ ਸ਼ਖਸੀਅਤਾਂ ਵੀ ਸ਼ਾਮਲ ਹਨ। ਜਿਸ ਕਾਰਣ ਉਨ੍ਹਾਂ ਲਈ ਇਨ੍ਹਾਂ ਸਮਾਗਮਾਂ ਨੂੰ ਪ੍ਰਭਾਵਸ਼ਾਲੀ ਬਣਾਇਆ ਜਾਣਾ ਮਜਬੂਰੀ ਬਣ ਗਿਆ ਹੋਇਆ ਹੈ।ਇਸੇ ਤਰ੍ਹਾਂ, ਇੱਕ ਨਿਕਟੀ ਮਿਤ੍ਰ ਵਲੋਂ ਦਿੱਲੀ ਦੇ ਇੱਕ ਚੰਗੇ ਹੋਟਲ (ਪੰਜ ਤਾਰਾ ਨਹੀਂ) ਵਿੱਚ ਆਪਣੀ ਬੇਟੀ ਦੀ ਸ਼ਾਦੀ ਦੇ ਸਮਾਗਮ ਦਾ ਅਯੋਜਨ ਕੀਤਾ ਗਿਆ। ਇਸ ਸ਼ਾਦੀ ਸਮਾਗਮ ਤੋਂ ਕੁਝ ਦਿਨ ਬਾਅਦ ਜਦੋਂ ਉਨ੍ਹਾਂ ਨਾਲ ਮੁਲਾਕਾਤ ਹੋਈ, ਤਾਂ ਗਲਾਂ-ਗਲਾਂ ਵਿੱਚ ਉਨ੍ਹਾਂ ਪਾਸੋਂ ਪੁਛਿਆ ਕਿ ਬੇਟੀ ਦਾ ਵਿਆਹ ਦਾ ਪ੍ਰੋਗਰਾਮ ਠੀਕ-ਠਾਕ ਨਿਪਟ ਗਿਆ ਹੈ ਨਾ ! ਉਨ੍ਹਾਂ ਨੇ ਮੁਸਕ੍ਰਾਉਂਦਿਆਂ ਦਸਿਆ ਕਿ ਬੇਟੀ ਦੀ ਇਸ ਸ਼ਾਦੀ ਵਿੱਚ ਉਨ੍ਹਾਂ ਨੂੰ (ਇੱਕ ਮੋਟੀ ਰਕਮ ਦਸਦਿਆਂ) ਇਤਨਾ ਲਾਭ ਹੋਇਆ ਹੈ। ਮਤਲਬ ਇਹ ਕਿ ਉਨ੍ਹਾਂ ਲਈ ਆਪਣੀ ਬੇਟੀ ਦੀ ਸ਼ਾਦੀ ਇੱਕ ਪਰਿਵਾਰਕ ਤੇ ਸਮਾਜਕ ਫਰਜ਼ ਨਾ ਹੋ, ਇੱਕ ਵਿਉਪਾਰਕ ਸੌਦਾ ਸੀ।

ਇਹ ਦੋਵੇਂ ਸ਼ਾਦੀਆਂ ਇਸ ਗਲ ਵਲ ਸੰਕੇਤ ਕਰਦੀਆਂ ਹਨ, ਕਿ ਇੱਕ ਪਾਸੇ ਸਮਰਥਵਾਨਾਂ ਅਤੇ ਰਾਜਨੀਤਕਾਂ ਲਈ, ਬੱਚਿਆਂ ਦੇ ਸ਼ਾਦੀ-ਵਿਆਹ ਸਮਾਗਮ ਸਮਾਜ ਤੇ ਰਾਜਨੀਤੀ ਵਿੱਚ ਆਪਣੇ ਸਟੇਟਸ ਦੇ ਦਬਦਬਾ ਤੇ ਨੱਕ ਨੂੰ ਬਚਾਈ ਰਖਣ ਦੀ ਧਾਰਨਾ ਕੰਮ ਕਰ ਰਹੀ ਹੁੰਦੀ ਹੈ, ਜਦਕਿ ਦੂਜੇ ਪਾਸੇ ਵਿਉਪਾਰਕ ਸੋਚ ਵਾਲਿਆਂ ਲਈ ਅਜਿਹੇ ਸਮਾਗਮ 'ਵਿਉਪਾਰ' ਬਣ ਜਾਂਦੇ ਹਨ। ਇਨ੍ਹਾਂ ਹਾਲਾਤ ਵਿੱਚ ਸਵਾਲ ਉਠਦਾ ਹੈ ਕਿ ਕੀ ਅਜਿਹੇ ਲੋਕੀ ਆਪਣੇ ਬੱਚਿਆਂ ਦੇ ਸ਼ਾਦੀ-ਵਿਆਹ ਦੇ ਸਮਾਗਮਾਂ ਨੂੰ 'ਤਾਮ-ਝਾਮ' ਤੋਂ ਮੁਕਤ ਰਖਣ ਲਈ ਤਿਆਰ ਹੋ ਸਕਦੇ ਹਨ ?

ਆਉ ਬਣੀਏ ਗੁਰਸਿੱਖ ਪਿਆਰਾ: 'ਆਉ ਬਣੀਏ ਗੁਰਸਿੱਖ ਪਿਆਰਾ' ਪ੍ਰੋਗਰਾਮ, ਜੋ ਦੋ ਵਰ੍ਹਿਆਂ ਤੋਂ ਵੀ ਵੱਧ ਸਮੇਂ ਤੋਂ ਇੱਕ ਨਿਜੀ ਟੀਵੀ ਚੈਨਲ ਪੁਰ ਪ੍ਰਸਾਰਤ ਹੁੰਦਾ ਚਲਿਆ ਆ ਰਿਹਾ ਹੈ, ਦੇ ਸੰਬੰਧ ਵਿੱਚ ਗਲਬਾਤ ਕਰਦਿਆਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਲਾਹਕਾਰ ਸ. ਕੁਲਮੋਹਨ ਸਿੰਘ ਨੇ ਦਸਿਆ ਕਿ ਇਸ ਪ੍ਰੋਗਰਾਮ ਵਿੱਚ ਉਨ੍ਹਾਂ (ਸ. ਕੁਲਮੋਹਨ ਸਿੰਘ) ਤੇ ਸ. ਹਰਜਿੰਦਰ ਸਿੰਘ ਵਲੋਂ ਹਾਟ ਸੀਟ ਪਰ ਬੈਠੇ ਪ੍ਰਤੀਯੋਗੀ (ਜੋ ਬੱਚੇ ਤੋਂ ਬਜ਼ੁਰਗ ਤਕ ਹੋ ਸਕਦਾ ਹੈ) ਪਾਸੋਂ ਨਿਰੋਲ ਸਿੱਖ ਇਤਿਹਾਸ, ਧਰਮ, ਗੁਰਬਾਣੀ ਅਤੇ ਦੇਸ਼-ਵਿਦੇਸ਼ ਵਿੱਚ ਪ੍ਰਸਿੱਧਤਾ ਪ੍ਰਾਪਤ ਸਿੱਖ ਸ਼ਖਸੀਅਤਾਂ ਪੁਰ ਅਧਾਰਤ ਪ੍ਰਸ਼ਨ ਪੁਛੇ ਜਾਂਦੇ ਹਨ। ਉਨ੍ਹਾਂ ਦਸਿਆ ਕਿ ਇਹ ਪ੍ਰੋਗਰਾਮ, ਰਾਜਨੀਤੀ ਤੋਂ ਮੁਕਤ ਪੂਰੀ ਤਰ੍ਹਾਂ ਸਿੱਖ ਇਤਿਹਾਸ, ਧਰਮ ਅਤੇ ਗੁਰਬਾਣੀ ਪੁਰ ਅਧਾਰਤ ਹੋਣ ਕਾਰਣ ਦੇਸ਼-ਵਿਦੇਸ਼ ਵਿੱਚ ਬਹੁਤ ਹੀ ਹਰਮਨ-ਪਿਆਰਾ ਹੋ ਰਿਹਾ ਹੈ। ਉਨ੍ਹਾਂ ਇਹ ਵੀ ਦਸਿਆ ਕਿ ਸੋਸ਼ਲ ਮੀਡੀਆ ਪੁਰ ਤਾਂ ਇਸਨੂੰ ੧ ਕਰੋੜ ਤੋਂ ਵੀ ਵੱਧ ਲੋਕੀ ਵੇਖ ਚੁਕੇ ਹਨ, ਜੋ ਕਿ ਇਸਦੀ ਹਰਮਨ-ਪਿਆਰਤਾ ਦਾ ਸਭ ਤੋਂ ਵੱਡਾ ਪ੍ਰਮਾਣ ਹੈ।

ਅਤੇ ਅੰਤ ਵਿੱਚ : ਆਏ ਦਿਨ ਨਵੇਂ ਤੋਂ ਨਵੇਂ ਵਿਵਾਦਾਂ ਨਾਲ ਜੂਝ ਰਹੇ ਪੰਥ ਦੇ 'ਸੋਲ ਠੇਕੇਦਰ' ਹੋਣ ਦੇ ਦਾਅਵੇਦਾਰਾਂ ਨੇ ਕਦੀ ਸੋਚਿਆ ਹੈ ਕਿ ਇੱਕ ਪਾਸੇ ਤਾਂ ਉਹ ਪੰਥ ਨੂੰ ਵਿਵਾਦਾਂ ਵਿੱਚ ਫਸਾ ਉਸਦੇ ਨਾਲ ਆਪਣਾ ਵੀ ਘਾਣ ਕਰਦੇ ਜਾ ਰਹੇ ਹਨ 'ਤੇ ਦੂਸਰੇ ਪਾਸੇ ਦੇਸ਼ ਦੇ ਦੂਰ-ਦਰਾਜ਼ ਇਲਾਕਿਆਂ ਵਿੱਚ ਸਿੱਖਾਂ ਦੀ ਪਛਾਣ ਨੂੰ ਕਿਤਨਾ ਧੱਕਾ ਲਗ ਰਿਹਾ ਹੈ ? ਇਹ ਸੁਆਲ ਉਸ ਸਮੇਂ ਉਭਰ, ਸਾਹਮਣੇ ਆਇਆ, ਜਦੋਂ ਇੱਕ ਪ੍ਰਚਾਰਕ ਨੇ ਨਿਜੀ ਗਲਬਾਤ ਦੌਰਾਨ ਦਸਿਆ ਕਿ ਕੁਝ ਸਮਾਂ ਹੋਇਐ, ਉਹ ਸਿੱਖੀ ਦੇ ਪ੍ਰਚਾਰ ਲਈ ਆਸਾਮ ਦੇ ਦੌਰੇ ਤੇ ਸਨ, ਉਸ ਦੌਰਾਨ ਉਥੋਂ ਦੇ ਇੱਕ ਸਿੱਖ ਮੁਖੀ ਨੇ ਗਲਬਾਤ ਕਰਦਿਆਂ ਉਨ੍ਹਾਂ ਨੂੰ ਦਸਿਆ ਕਿ, ਪੰਜਾਬ ਦੇ ਸਾਬਕਾ ਪੁਲਿਸ ਮੁੱਖੀ ਕੇ ਪੀ ਐਸ ਗਿਲ (ਹੁਣ ਸਵਰਗਵਾਸੀ) ਜਦੋਂ ਇਕ ਉੱਚ ਅਹੁਦੇ ਤੇ ਨਿਯੁਕਤ ਹੋ ਆਸਾਮ ਆਏ। ਤਾਂ ਇਕ ਦਿਨ ਉਹ ਬਾਜ਼ਾਰ ਚਲੇ ਗਏ। ਸਬਜ਼ੀ ਦੀ ਇੱਕ ਦੁਕਾਨ ਤੇ ਖੜਿਆਂ ਹੋ, ਉਨ੍ਹਾਂ ਨੇ ਇਕ ਸਬਜ਼ੀ ਨੂੰ ਹੱਥ ਲਾ, ਉਸਦਾ ਭਾਅ ਪੁਛਿਆ। ਉਨ੍ਹਾਂ ਦੇ ਸਬਜ਼ੀ ਨੂੰ ਹੱਥ ਲਾਣ ਦੀ ਦੇਰ ਸੀ ਕਿ ਦੁਕਾਨਦਾਰ ਟੁੱਟ ਕੇ ਪੈ ਗਿਆ। ਕਹਿਣ ਲਗਾ ਕਿ ਤੂੰ ਮੇਰੀ ਸਾਰੀ ਸਬਜ਼ੀ ਭਿਟਾ ਦਿਤੀ ਹੈ। ਇਤਨਾ ਆਖਦਿਆਂ ਉਸਨੇ ਉਹ ਸਾਰੀ ਸਬਜ਼ੀ ਚੁਕ ਸੁੱਟ ਦਿਤੀ। ਸਬਜ਼ੀ ਵਾਲੇ ਦਾ ਇਹ ਵਰਤਾਉ ਵੇਖ ਗਿਲ ਸਾਹਿਬ ਗਰਮ ਹੋ, ਆਪਣੇ ਅਹੁਦੇ ਦਾ ਰਹੁਬ ਝਾੜਦਿਆਂ ਉਸਨੂੰ ਕਹਿਣ ਲਗੇ ਕਿ ਤੂੰ ਜਾਣਦਾ ਨਹੀਂ ਕਿ ਮੈਂ ਕੌਣ ਹਾਂ ? ਦੁਕਾਨਦਾਰ ਨੇ ਕਿਹਾ ਕੋਈ ਵੀ ਹੋਵੇਂ, ਹੈ ਤਾਂ ਤੂੰ ਸਵੀਪਰ (ਸਫਾਈ ਕਰਮਚਾਰੀ) ਹੀ। ਇਹ ਸੁਣ ਗਿਲ ਸਾਹਿਬ ਉਸਦਾ ਮੂੰਹ ਵੇਖਦੇ ਰਹਿ ਗਏ। ਇਹ ਘਟਨਾ ਦਸਦਿਆਂ ਉਨ੍ਹਾਂ ਪੁਛਿਆ ਕਿ ਕੀ ਇਹ ਘਟਨਾ ਸਮੁਚੀ ਸਿੱਖ ਕੌਮ ਦਾ ਮੂੰਹ ਚਿੜਾਉਣ ਅਤੇ ਉਸਦਾ ਅਪਮਾਨ ਕਰਨ ਵਾਲੀ ਨਹੀਂ ?






# ਸੁਖਬੀਰ ਸਿੰਘ ਬਾਦਲ ਛੱਡਣ ਲੱਗੇ ਦਲ ਦੀ ਪ੍ਰਧਾਨਗੀ !

ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਆਪਣੇ ਬੁਣੇ ਜਾਲ ਵਿੱਚ ਬੁਰੀ ਤਰ੍ਹਾਂ ਉਲਝ ਕੇ ਰਹਿ ਗਈ ਹੈ। ਇਸ ਤੋਂ ਪਹਿਲਾਂ ਉਹਨਾਂ ਨੂੰ ਲੋਕਾਂ ਨੇ ਇੱਕ ਤਰ੍ਹਾਂ ਨਾਲ ਨਕਾਰ ਦਿੱਤਾ ਸੀ। ਸੁਖਬੀਰ ਸਿੰਘ ਬਾਦਲ ਅਤੇ ਉਹਨਾਂ ਦੇ ਵਿਰੋਧੀ ਧੜੇ ਦਰਮਿਆਨ ਖਿੱਚੀ ਲਕੀਰ ਜਿਵੇਂ ਦਿਨ ਬ ਦਿਨ ਡੂੰਘੀ ਹੋ ਰਹੀ ਹੈ ਉਸ ਤੋਂ ਹਾਲ ਦੀ ਘੜੀ ਦੋਹਾਂ ਦੇ ਨੇੜੇ ਆਉਣ ਦੀ ਉਮੀਦ ਬੁਰੀ ਤਰ੍ਹਾਂ ਟੁੱਟਦੀ ਲੱਗਦੀ ਹੈ। ਪਰ ਇੱਕ ਗੱਲ ਪੱਕੀ ਹੈ ਕਿ ਵਿਰੋਧੀ ਖੇਮੇ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਦਿੱਤੇ ਕਬੂਲਨਾਮੇ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਆਪਣੀ ਪ੍ਰਧਾਨਗੀ ਪੱਕੀ ਕਰਨ ਉੱਤੇ ਲੱਗੇ ਹੋਏ ਹਨ ਪਰ ਹਾਲ ਦੀ ਘੜੀ ਉਹਨਾਂ ਨੇ ਅਹੁਦੇ ਤੋਂ ਲਾਂਭੇ ਹੋ ਕੇ ਇੱਕ ਪੰਜ ਮੈਂਬਰੀ ਪਰੀਜੀਡੀਅਮ ਬਨਾਉਣ ਦਾ ਫੈਸਲਾ ਲੈ ਲਿਆ ਹੈ। ਇਸ ਨਾਲ ਇੱਕ ਤਾਂ ਵਿਰੋਧੀ ਖੇਮੇ ਵੱਲੋਂ ਉਨ੍ਹਾਂ ਦੇ ਅਹੁਦੇ ਦਾ ਤਿਆਗ ਕਰਨ ਦੀ ਕੀਤੀ ਜਾ ਰਹੀ ਮੰਗ ਪੂਰੀ ਹੋ ਜਾਵੇਗੀ ਦੂਸਰਾ ਉਹ ਲੋਕਾਂ ਵਿੱਚ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕਰਨਗੇ ਕਿ ਸੁਖਬੀਰ ਸਿੰਘ ਕੁਰਸੀ ਨਾਲ ਚਿੰਬੜੇ ਨਹੀਂ ਰਹਿਣਾ ਚਾਹੁੰਦੇ ਹਨ। ਇਸ ਹਾਲਤ ਵਿੱਚ ਵਿਰੋਧੀ ਖੇਮੇ ਉੱਤੇ ਪੁੱਠੀ ਪੈਂਦੀ ਲੱਗਦੀ ਹੈ। ਕਿਉਂਕਿ ਫਿਰ ਲੋਕ ਉਹਨਾਂ ਉੱਤੇ ਸਵਾਲ ਖੜੇ ਕਰਨਗੇ ਕਿ ਜੇ ਸੁਖਬੀਰ ਬਾਦਲ ਅਹੁਦੇ ਦਾ ਤਿਆਗ ਕਰ ਸਕਦੇ ਹਨ ਤਾਂ ਉਹ ਅਹੁਦਿਆਂ ਨਾਲ ਕਿਉਂ ਚਿੰਬੜਨ ਲੱਗੇ ਹਨ। ਸੁਖਬੀਰ ਦੀਆਂ ਨਿਤ ਦਿਨ ਦੀਆਂ ਸਰਗਰਮੀਆਂ ਨਾਲ ਹਾਲ ਦੀ ਘੜੀ ਵਿਰੋਧੀ ਖੇਮਾ ਨਵੇਂ ਚੱਕਰਵਿਊ ਵਿੱਚ ਫਸਦਾ ਲੱਗਦਾ ਹੈ।

ਵਿਰੋਧੀ ਖੇਮੇ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਨੂੰ ਦਿੱਤੇ ਕਬੂਲਨਾਮੇ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਆਪਣਾ ਸਪੱਸ਼ਟੀਕਰਨ ਦੇਣ ਲਈ ਸਿੰਘ ਸਾਹਿਬਾਨ ਅੱਗੇ ਪੇਸ਼ ਹੋਏ। ਹੁਣ ਸਿੰਘ ਸਾਹਿਬਾਨ ਵੱਲੋਂ ਕਬੂਲਨਾਮੇ ਅਤੇ ਸਪੱਸ਼ਟੀਕਰਨ ਉੱਤੇ ਵਿਚਾਰ ਕਰਨ ਲਈ 30 ਅਗਸਤ ਨੂੰ ਇੱਕ ਮੀਟਿੰਗ ਰੱਖ ਲਈ ਗਈ ਹੈ। ਉਸ ਤੋਂ ਬਾਅਦ ਸਿੰਘ ਸਾਹਿਬਾਨ ਵੱਲੋਂ ਦੋਨਾਂ ਧੜਿਆਂ ਨੂੰ ਤਲਬ ਕਰਨ ਦੀ ਸੰਭਾਵਨਾ ਦੱਸੀ ਜਾ ਰਹੀ ਹੈ। ਸਾਡੀ ਸਮਝ ਅਨੁਸਾਰ ਸੁਖਬੀਰ ਸਿੰਘ ਬਾਦਲ ਅਗਲੀ ਪੇਸ਼ੀ ਆਪਣਾ ਅਹੁਦਾ ਛੱਡ ਕੇ ਅਕਾਲੀ ਦਲ ਦੀ ਜ਼ਿੰਮੇਵਾਰੀ ਪੰਜ ਮੈਂਬਰੀ ਪਰੀਜੀਡੀਅਮ ਨੂੰ ਸੌਂਪ ਕੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਇੱਕ ਨਿਮਾਣੇ ਸਿੱਖ ਵਜੋਂ ਪੇਸ਼ ਹੋਣਗੇ। ਸੰਭਾਵਨਾ ਇਹ ਵੀ ਬਣਦੀ ਲੱਗਦੀ ਹੈ ਕਿ ਨਵੰਬਰ ਵਿੱਚ ਸੱਦੇ ਜਾਣ ਵਾਲੇ ਦਿੱਲੀ ਗੇਟ ਇਜਲਾਸ ਤੱਕ ਪੰਜ ਮੈਂਬਰੀ ਪ੍ਰਜੀਡੀਅਮ ਕੰਮ ਕਰੇਗੀ ਅਤੇ ਉਸ ਵੇਲੇ ਪ੍ਰਧਾਨਗੀ ਦਾ ਸਿਹਰਾ ਮੁੜ ਸੁਖਬੀਰ ਸਿੰਘ ਬਾਦਲ ਦੇ ਸਿਰ ਉੱਤੇ ਸਜਾ ਦਿੱਤਾ ਜਾਵੇਗਾ। ਵਿਰੋਧੀ ਖੇਮੇ ਵੱਲੋਂ ਕਬੂਲਨਾਮਾ ਦੇਣ ਤੋਂ ਹੁਣ ਤੱਕ ਮਿਲੇ ਸਮੇਂ ਵਿੱਚ ਸੁਖਬੀਰ ਸਿੰਘ ਬਾਦਲ ਆਪਣੇ ਆਪ ਨੂੰ ਬਚਾਉਣ ਲਈ ਕਈ ਖੇਡਾਂ ਖੇਡ ਗਏ ਹਨ। ਉਹਨਾਂ ਨੇ ਪਿਛਲੇ ਦਿਨੀਂ ਪੁਰਾਣੀ ਕੋਰ ਕਮੇਟੀ ਭੰਗ ਕਰਕੇ ਨਵੀਂ ਕਮੇਟੀ ਦਾ ਗਠਨ ਕਰ ਦਿੱਤਾ। ਸਭ ਤੋਂ ਪਹਿਲਾਂ ਕੋਰ ਕਮੇਟੀ ਵਿਚਲੀ ਸੀਨੀਅਰ ਲੀਡਰਸ਼ਿਪ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਸੀ। ਉਸ ਤੋਂ ਬਾਅਦ ਇੱਕ ਨਵੀਂ ਵਰਕਿੰਗ ਕਮੇਟੀ ਦਾ ਗਠਨ ਵੀ ਕਰ ਦਿੱਤਾ ਗਿਆ ਹੈ। ਹੁਣ ਉਹ ਨਵੀਂ ਪ੍ਰਜੀਡੀਅਮ ਬਣਾਉਣ ਦੀ ਜੇ ਰਾਹ ਤੁਰ ਪਏ ਹਨ। ਇਸ ਪਰਜੀਡੀਅਮ ਵਿੱਚ ਪਾਰਟੀ ਦੇ ਦੋ ਸੀਨੀਅਰ ਨੇਤਾਵਾਂ ਅਤੇ ਦੋ ਨੌਜਵਾਨਾਂ ਨੂੰ ਸ਼ਾਮਿਲ ਕੀਤੇ ਜਾਣ ਦੀ ਸੰਭਾਵਨਾ ਦੱਸੀ ਜਾ ਰਹੀ ਹੈ। ਇਹ ਪ੍ਰੀਜੀਡੀਅਮ ਡੈਲੀਗੇਟ ਇਜਲਾਸ ਤੱਕ ਕੰਮ ਕਰੇਗੀ। ਇਸ ਨੂੰ ਡੈਲੀਗੇਟ ਇਜਲਾਸ ਤੱਕ ਕੰਮ ਚਲਾਉਣ ਅਤੇ ਇਜਲਾਸ ਵਿੱਚ ਨਵੇਂ ਪ੍ਰਧਾਨ ਦੀ ਚੋਣ ਕਰਵਾਉਣ ਦੀ ਜ਼ਿੰਮੇਵਾਰੀ ਦਿੱਤੀ ਜਾਵੇਗੀ। ਚਰਚਾ ਹੈ ਕਿ ਸੁਖਬੀਰ ਸਿੰਘ ਬਾਦਲ ਡੈਲੀਗੇਟ ਇਜਲਾਸ ਵਿੱਚ ਫਿਰ ਪ੍ਰਧਾਨਗੀ ਲਈ ਉਮੀਦਵਾਰ ਹੋਣਗੇ। ਉਹਨਾਂ ਨੂੰ ਬਹੁਮਤ ਨਾਲ ਜਿੱਤ ਪ੍ਰਾਪਤ ਹੋਣੀ ਕੁਦਰਤੀ ਹੈ ਕਿਉਂਕਿ 526 ਡੈਲੀਗੇਟਾਂ ਵਿੱਚੋਂ ਬਹੁ ਸੰਮਤੀ ਹਾਲੇ ਉਹਨਾਂ ਦੇ ਨਾਲ ਖੜੀ ਹੈ। ਦੂਜੇ ਪਾਸੇ ਵਿਰੋਧੀ ਖੇਮਾ ਵੀ ਅਕਾਲੀ ਦਲ ਦੇ ਡੈਲੀਗੇਟਾਂ ਨਾਲ ਸੰਪਰਕ ਬਣਾਉਣ ਦੀ ਕੋਸ਼ਿਸ਼ ਵਿੱਚ ਲੱਗਾ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਆਪਣੇ ਇਸ ਮਕਸਦ ਵਿੱਚ ਕਾਮਯਾਬ ਹੋ ਜਾਂਦੇ ਹਨ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਵੀ ਉਹਨਾਂ ਦਾ ਕਬਜ਼ਾ ਕਾਇਮ ਰਹਿ ਸਕਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਬਹੁਮਤ ਪ੍ਰਾਪਤ ਹੈ। ਨਵੀਂ ਸ਼੍ਰੋਮਣੀ ਕਮੇਟੀ ਲਈ ਚੋਣਾਂ ਇਸ ਸਾਲ ਵਿੱਚ ਹੋਣ ਦੀ ਸੰਭਾਵਨਾ ਲਗਭਗ ਖਤਮ ਹੋ ਚੁੱਕੀ ਹੈ। ਨਵੰਬਰ ਵਿੱਚ ਨਵੇਂ ਅਹੁਦੇਦਾਰ ਚੁਣੇ ਜਾਣਗੇ। ਚਾਹੇ ਪਿਛਲੀਆਂ ਦੋ ਵਾਰ ਦੀਆਂ ਚੋਣਾਂ ਮੌਕੇ ਵਿਰੋਧ ਝੱਲਣਾ ਪਿਆ ਹੈ। ਪਰ ਇਸ ਵਾਰ ਵੀ ਸੁਖਬੀਰ ਦੇ ਭਰੋਸੇਮੰਦ ਵਿਅਕਤੀ ਦਾ ਪ੍ਰਧਾਨ ਚੁਣੇ ਜਾਣਾ ਲਗਭਗ ਤੈਅ ਹੈ। ਅਸਲ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਕੋਈ ਵੀ ਹੋਵੇ ਉਹ ਬਰਾਬਰ ਬਰਾਬਰੀ ਦੋ ਸਰਕਾਰਾਂ ਚਲਾ ਰਿਹਾ ਹੁੰਦਾ ਹੈ। ਸਿੱਖਾਂ ਦੀ ਮਿੰਨੀ ਪਾਰਲੀਮੈਂਟ ਸ਼੍ਰੋਮਣੀ ਅਕਾਲੀ ਦਲ ਨੂੰ ਛੋਟੀ ਸਰਕਾਰ ਦਾ ਨਾਂ ਦਿੱਤਾ ਜਾਣ ਲੱਗਾ ਹੈ। ਜਦੋਂ ਤੱਕ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦਾ ਕਬਜ਼ਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਤੇ ਰਹਿੰਦਾ ਹੈ। ਉਦੋਂ ਤੱਕ ਉਸ ਦੀ ਕੁਰਸੀ ਨੂੰ ਕੋਈ ਜ਼ਿਆਦਾ ਖਤਰਾ ਨਹੀਂ ਹੁੰਦਾ।

ਸ਼੍ਰੋਮਣੀ ਅਕਾਲੀ ਦਲ ਦੀਆਂ ਚੋਣਾਂ ਜਿੱਤਣ ਲਈ ਕਈ ਪੰਥਕ ਧਿਰਾਂ ਸਿਰ ਜੋੜਦੀਆਂ ਰਹੀਆਂ ਹਨ ਪਰ ਕਦੇ ਜਿੱਤ ਨਸੀਬ ਨਹੀਂ ਹੋਈ। ਹੁਣ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਭਾਈ ਅੰਮ੍ਰਿਤ ਪਾਲ ਸਿੰਘ ਅਤੇ ਫਰੀਦਕੋਟ ਤੋਂ ਭਾਈ ਸਰਬਜੀਤ ਸਿੰਘ ਖਾਲਸਾ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜਨ ਵੀ ਇੱਛਾ ਦਰਸਾਉਣ ਲੱਗੇ ਹਨ। ਪਿਛਲੇ ਇਤਿਹਾਸ 'ਤੇ ਝਾਤੀ ਮਾਰੀਏ ਤਾਂ ਕਾਂਗਰਸ, ਭਾਰਤੀ ਜਨਤਾ ਪਾਰਟੀ ਜਾਂ ਫਿਰ ਆਮ ਆਦਮੀ ਪਾਰਟੀ ਦੀ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿੱਚ ਕੋਈ ਦਿਲਚਸਪੀ ਨਹੀਂ ਰਹੀ ਹੈ।ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਸਰਕਾਰ ਉੱਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲਈ ਜਾਅਲੀ ਵੋਟਾਂ ਬਣਾਉਣ ਲਈ ਅਧਿਕਾਰੀਆਂ ਉੱਤੇ ਦਬਾਅ ਪਾਉਣ ਦਾ ਦੋਸ਼ ਲਾਇਆ ਹੈ। ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਡਾਕਟਰ ਦਲਜੀਤ ਸਿੰਘ ਚੀਮਾ ਨੇ ਗੁਰਦੁਆਰਾ ਚੋਣ ਕਮਿਸ਼ਨ ਨੂੰ ਚਿੱਠੀ ਲਿਖ ਕੇ ਇਸ ਮਾਮਲੇ ਦੀ ਉੱਚ ਪੱਧਰੀ ਨਿਰਪੱਖ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।ਉਨ੍ਹਾਂ ਨੇ ਗੁਰਦੁਆਰਾ ਚੋਣ ਕਮਿਸ਼ਨ ਨੂੰ ਲਿਖੇ ਪੱਤਰ ਵਿੱਚ ਦੋਸ਼ ਲਾਇਆ ਹੈ ਕਿ ਜਾਅਲੀ ਵੋਟਰਾਂ ਦੀ ਭਰਤੀ ਲਈ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਦੀਆਂ ਕੁਝ ਹੈਰਾਨ ਕਰਨ ਵਾਲੀਆਂ ਘਟਨਾਵਾਂ ਪਾਰਟੀ ਦੇ ਲੀਗਲ ਸਿੱਧੇ ਧਿਆਨ ਵਿੱਚ ਆਈਆਂ ਹਨ। ਉਨ੍ਹਾਂ ਨੇ ਲਿਖਿਆ ਹੈ ਕਿ ਜਗਰਾਉਂ ਦੇ ਇੱਕ ਚੋਣ ਸੁਪਰਵਾਈਜ਼ਰ ਨੇ ਇੱਕ ਵਟਸਅਪ ਗਰੁੱਪ ਦੀ ਚੈਟ ਹਿਸਟਰੀ ਨੂੰ ਫਾਰਵਰਡ ਕੀਤਾ ਹੈ, ਜਿਸ ਰਾਹੀਂ ਇਹ ਖੁਲਾਸਾ ਹੋਇਆ ਹੈ ਕਿ ਸੀਨੀਅਰ ਅਧਿਕਾਰੀ ਆਪਣੇ ਜੂਨੀਅਰਾਂ ਨੂੰ ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਰ ਦੀ ਫਰਜ਼ ਜਾਣਕਾਰੀ ਨਾਲ ਜਾਅਲੀ ਵੋਟਾਂ ਬਣਾਉਣ ਦੀ ਹਦਾਇਤ ਦੇ ਰਹੇ ਹਨ। ਅਜਿਹੀਆਂ ਗੈਰ ਕਾਨੂੰਨੀ ਕਾਰਵਾਈਆਂ ਨੂੰ ਰੋਕਣ ਅਤੇ ਸ਼੍ਰੋਮਣੀ ਕਮੇਟੀ ਚੋਣਾਂ ਲਈ ਪਾਰਦਰਸ਼ੀ ਢੰਗ ਨਾਲ ਨਵੇਂ ਵੋਟਾਂ ਦੀਆਂ ਵੋਟਾਂ ਬਣਾਉਣ ਦੀ ਮੰਗ ਕੀਤੀ ਹੈ ਉਹਨਾਂ ਨੇ ਨਾਲ ਹੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਗੁਰਦੁਆਰਿਆਂ ਦੀਆਂ ਚੋਣਾਂ ਵਿੱਚ ਗਲਤ ਕੰਮ ਕਰਵਾਉਣ ਵਾਲੇ ਅਧਿਕਾਰੀਆਂ ਵਿਰੁੱਧ ਸਖਤ ਕਾਰਵਾਈ ਕਰਨ ਦੇ ਹੁਕਮ ਦੇਣ ਦੀ ਮੰਗ ਕੀਤੀ ਹੈ ਚਿੱਠੀ ਤੋਂ ਸਪੱਸ਼ਟ ਹੈ ਕਿ ਸ਼੍ਰੋਮਣੀ ਅਕਾਲੀ ਦਲ ਹਰ ਹੀਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਮੁੜ ਤੋਂ ਜਿੱਤਣਾ ਚਾਹੁੰਦਾ ਹੈ। ਕਿਉਂਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿੱਚ ਅਕਾਲੀ ਦਲ ਕੋਲ ਬਹੁਮਤ ਰਹੀ ਹੈ, ਇਸ ਕਰਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਅਸਿੱਧੇ ਤੌਰ 'ਤੇ ਨਿਯੁਕਤੀ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਹੀ ਕਰਦਾ ਹੈ। ਸ਼੍ਰੋਮਣੀ ਕਮੇਟੀ ਦੀ ਚੋਣ ਵਿੱਚ ਬੰਦ ਲਿਫਾਫਾ ਇਸੇ ਅਮਲ ਦਾ ਦੂਜਾ ਨਾਂ ਕਿਹਾ ਜਾਂਦਾ ਰਿਹਾ ਹੈ। ਉਸ ਤੋਂ ਅੱਗੇ ਚਲੇ ਜਾਈਏ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕੋਲ ਸ੍ਰੀ ਅਕਾਲ ਤਖਤ ਸਾਹਿਬ ਸਮੇਤ ਦੂਜੇ ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਕਰਨ ਦੇ ਅਖਤਿਆਰ ਹਨ। ਇੱਥੇ ਇਹ ਕਿਹਾ ਜਾ ਸਕਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਇੱਕ ਤਰ੍ਹਾਂ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖਤ ਦੇ ਜਥੇਦਾਰਾਂ ਦਾ ਰਿਮੋਟ ਕੰਟਰੋਲ ਆਪਣੇ ਹੱਥ ਵਿੱਚ ਰੱਖਦਾ ਹੈ। ਜਿਸ ਪਾਰਟੀ ਦੇ ਪ੍ਰਧਾਨ ਕੋਲ ਏਡੀ ਵੱਡੀ ਸਲਤਨਤ ਦੀ ਵਾਗਡੋਰ ਹੋਵੇ ਉਹਦਾ ਦਿਲ ਪ੍ਰਧਾਨਗੀ ਛੱਡਣ ਨੂੰ ਕਰੇ ਵੀ ਤਾਂ ਕਿਵੇਂ ਕਰੇ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਸੁਖਬੀਰ ਸਿੰਘ ਬਾਦਲ ਆਪਣੀ ਇੱਛਾ ਨਾਲ ਪ੍ਰਧਾਨਗੀ ਦੀ ਕੁਰਸੀ ਛੱਡਣ ਜਾ ਰਹੇ ਹਨ। ਪਰ ਇਹ ਸਾਰੇ ਅਮਲ ਰਾਹੀਂ ਉਹ ਮੁੜ ਇਸੇ ਅਹੁਦੇ 'ਤੇ ਬਿਰਾਜਮਾਨ ਹੋ ਜਾਣਗੇ ਹੋ ਜਾਣਗੇ। ਪਰ ਫਿਰ ਉਹਨ੍ਹਾਂ ਦੀ ਚੋਣ ਨੂੰ ਕੁਰਸੀ ਉੱਤੇ ਕਬਜ਼ਾ ਨਹੀਂ ਸਗੋਂ ਲੋਕਤੰਤਰ ਢੰਗ ਨਾਲ ਮਿਲਿਆ ਅਹੁਦਾ ਕਿਹਾ ਜਾਵੇਗਾ। ਇਸੇ ਗੱਲ ਲਈ ਸੁਖਬੀਰ ਸਿੰਘ ਬਾਦਲ ਅਤੇ ਉਸਦੇ ਹਮਾਇਤੀਆਂ ਦਾ ਸਾਰਾ ਜ਼ੋਰ ਲੱਗਾ ਹੋਇਆ ਹੈ।






Life is a Story. Tell it Well

ਜ਼ਿੰਦਗੀ ਇੱਕ ਕਹਾਣੀ ਹੈ, ਚੰਗੀ ਤਰ੍ਹਾਂ ਨਾਲ ਦੇਖੋ

Proud to Provide the Community with grief support and healing experiences

ਸੋਗ ਭਰੇ ਮਹੌਲ ਨੂੰ ਸੌਖਾਵਾਂ ਬਣਾਉਣ ਲਈ ਅਸੀਂ ਤੁਹਾਡੀ ਹਰ ਤਰ੍ਹਾਂ ਦੀ ਮਦਦ ਕਰਦੇ ਹਾਂ

Maison funéraire Rideau Funeral Home

4275, boul. des Sources, Dollard-des-Ormeaux (Qc) H9B 2A6

514-685-3344 • www.rideaumemorial.com

ਤੁਹਾਡਾ ਆਪਣਾ ਪੰਜਾਬੀ ਸਟੋਰ

Abdul Rehman

514-638-2222, 514-629-0000

Authorized Dealer of Rogers and Fido

ROGERS™ fido™





GET ANY PHONE FOR

$0 Down

Get unlimited internet for very less price

6700 Ch de la cote des neiges k-27 H3S2B3

Abdul Rehman

Authorized dealer of
Rogers fido and chatr

# ਪਾਕਿਸਤਾਨ ਲਈ ਪਹਿਲੀ ਵਾਰ ਸੋਨੇ ਦਾ ਤ.ਗਮਾ ਜਿੱਤਣ ਵਾਲੇ ਅਰਸ਼ਦ ਨਦੀਮ ਨੂੰ ਪਿੰਡ ਵਾਲੇ 'ਰੂਸੀ ਟ੍ਰੈਕਟਰ' ਕਿਉਂ ਕਹਿੰਦੇ



## ਪਿੰਡ ਵਾਲੇ ਕਿਉਂ ਕਹਿੰਦੇ ਹਨ ਰੂਸੀ ਟ੍ਰੈਕਟਰ

ਅਰਸ਼ਦ ਨਦੀਮ ਨੂੰ ਇਸ ਖੇਡ ਵਿੱਚ ਅੱਗੇ ਜਾਣ ਦੇ ਲਈ ਜ਼ਰੂਰੀ ਸਾਜ਼ੋਸਮਾਨ ਉੱਤੇ ਬਹਿਸ ਕਈ ਸਾਲਾਂ ਤੋਂ ਜਾਰੀ ਹੈ ਅਤੇ ਹੁਣ ਤੱਕ ਇਸ ਬਾਰੇ ਵਿੱਚ ਕੋਈ ਉਤਸ਼ਾਹਜਨਕ ਖ਼ਬਰ ਸਾਹਮਣੇ ਨਹੀਂ ਆਈ।ਅਰਸ਼ਦ ਨਦੀਮ ਨੇ ਇਸ ਸਾਲ ਮਾਰਚ ਵਿੱਚ ਮੁਕਾਬਲੇ ਵਿੱਚ ਜਾਣ ਤੋਂ ਪਹਿਲਾਂ ਬੀਬੀਸੀ ਨੂੰ ਦੱਸਿਆ ਸੀ ਕਿ ਉਨ੍ਹਾਂ ਦੇ ਕੋਲ ਸਿਰਫ਼ ਇੱਕ ਅੰਤਰਾਸ਼ਟਰੀ ਪੱਧਰ ਵਾਲਾ ਜੈਵਲਿਨ ਹੈ ਜੋ ਇਸ ਵੇਲੇ ਖ਼ਰਾਬ ਸਥਿਤੀ ਵਿੱਚ ਹੈ।ਉੱਥੇ ਹੀ ਉਨ੍ਹਾਂ ਦੇ ਮੁਕਾਬਲੇਬਾਜ਼ ਖਿਡਾਰੀ ਭਾਰਤ ਦੇ ਨੀਰਜ ਚੋਪੜਾ ਦੇ ਲਈ ਸਰਕਾਰ ਨੇ ਟੋਕੀਓ ਓਲੰਪਿਕ ਤੋਂ ਪਹਿਲਾਂ 177 ਜੈਵਲਿਨ ਖਰੀਦੇ ਸਨ।ਉਨ੍ਹਾਂ ਨੇ ਦੱਸਿਆ ਸੀ, ਉਸ ਜੈਵਲਿਨ ਦੀ ਕੀਮਤ ਕਰੀਬ ਸੱਤ ਤੋਂ ਅੱਠ ਲੱਖ ਰੁਪਏ ਹੈ ਜਿਸ ਦੇ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।ਸਾਧਨਾਂ ਦੀ ਕਮੀ ਨੂੰ ਲੈ ਕੇ ਅਰਸ਼ਦ ਦੇ ਵੱਡੇ ਭਰਾ ਸ਼ਾਹਿਦ ਅਜ਼ੀਮ ਕਹਿੰਦੇ ਹਨ, ਸਾਨੂੰ ਪਤਾ ਸੀ ਕਿ ਅਰਸ਼ਦ ਨੂੰ ਸਾਧਨਾਂ ਦੀ ਨਹੀਂ ਦੁਆਵਾਂ ਦੀ ਲੋੜ ਹੈ।ਸ਼ਾਹਿਦ ਦੱਸਦੇ ਹਨ, ਅਰਸ਼ਦ ਨੂੰ ਪਿੰਡ ਵਿੱਚ 'ਰੂਸੀ ਟ੍ਰੈਕਟਰ' ਕਿ ਹਾ ਜਾਂਦਾ ਹੈ ਕਿਉਂਕਿ ਅੱਲ੍ਹਾਂ ਨੇ ਉਨ੍ਹਾਂ ਨੂੰ ਬਹੁਤ ਤਾਕਤ ਦਿੱਤੀ ਹੈ।ਇਸ ਗੱਲ ਨੂੰ ਸਮਝਾਉਂਦੇ ਹੋਏ ਉਹ ਕਹਿੰਦੇ ਹਨ, ਬਾਕੀ ਜਿੰਨੇ ਵੀ ਟ੍ਰੈਕਟਰ ਹੁੰਦੇ ਹਨ, ਉਨ੍ਹਾਂ ਦੀ ਸਾਰਿਆਂ ਦੀ ਭਾਰ ਖਿੱਚਣ ਦੀ ਹੱਦ ਹੁੰਦੀ ਹੈ, ਤੁਸੀਂ ਇਸਦੇ ਪਿੱਛੇ ਜਿੰਨਾ ਵੀ ਵਜ਼ਨ ਪਾਓ, ਉਹ ਉਸ ਨੂੰ ਖਿੱਚ ਲੈਂਦਾ ਹੈ।ਅਰਸ਼ਦ ਦੇ ਦੂਜੇ ਭਰਾ ਸ਼ਾਹਿਦ ਨਦੀਮ ਦੱਸਦੇ ਹਨ ਕਿ ਉਨ੍ਹਾਂ ਨੂੰ ਇਹ ਤਾਂ ਉਮੀਦ ਸੀ ਕਿ ਉਨ੍ਹਾਂ ਦਾ ਭਰਾ ਗੋਲਡ ਮੈਡਲ ਲੈ ਕੇ ਆਏਗਾ ਪਰ ਉਨ੍ਹਾਂ ਨੇ ਇਹ ਨਹੀਂ ਸੋਚਿਆ ਸੀ ਕਿ ਉਹ ਇਤਿਹਾਸ ਵੀ ਬਣਾ ਦੇਵੇਗਾ।

ਜਿਵੇਂ ਹੀ ਮੈਨੂੰ ਪਤਾ ਲੱਗਾ ਕਿ ਅਰਸ਼ਦ ਨੇ ਮੈਡਲ ਜਿੱਤ ਲਿਆ ਹੈ ਤਾਂ ਮੈਂ ਕੀ ਆਖਾਂ, ਕਿੰਨੀ ਖ਼ੁਸ਼ੀ ਹੋਈ, ਮੈਨੂੰ ਇੰਨੀ ਖੁਸ਼ੀ ਹੋਈ ਕਿ ਮੇਰਾ ਦਿਲ ਕੀਤਾ ਕਿ ਮੇਰਾ ਬੇਟਾ ਮੇਰੇ ਸਾਹਮਣੇ ਹੋਵੇ ਅਤੇ ਉਸ ਨੂੰ ਗਲ ਨਾਲ ਲਾਵਾਂ।ਪਾਕਿਸਤਾਨ ਲਈ ਪੈਰਿਸ ਓਲੰਪਿਕ ਖੇਡਾਂ ਵਿੱਚ ਜੈਵਲਿਨ ਥ੍ਰੋ ਵਿੱਚ ਸੋਨੇ ਦਾ ਤਗਮਾ ਜਿੱਤਣ ਤੋਂ ਬਾਅਦ ਅਰਸ਼ਦ ਨਦੀਮ ਦੀ ਮਾਂ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ।ਅਰਸ਼ਦ ਪਾਕਿਸਤਾਨ ਦੇ ਲਈ ਦਹਾਕਿਆਂ ਬਾਅਦ ਕੋਈ ਵੀ ਓਲੰਪਿਕ ਮੈਡਲ ਜਿੱਤਣ ਵਾਲੇ ਖਿਡਾਰੀ ਬਣ ਗਏ ਹਨ।ਅਰਸ਼ਦ ਨਦੀਮ ਦੀ ਮਾਂ ਰਜ਼ੀਆ ਪਰਵੀਨ ਕਹਿੰਦੇ ਹਨ, ਮੈਂ ਬਹੁਤ ਅਰਦਾਸਾਂ ਕਰਦੀ ਸੀ ਅਤੇ ਮੇਰਾ ਦਿਲ ਚਾਹੁੰਦਾ ਸੀ ਕਿ ਮੇਰਾ ਪੁੱਤ ਮੈਡਲ ਜਿੱਤੇ ਅਤੇ ਪਾਕਿਸਤਾਨ ਦਾ ਨਾਮ ਰੌਸ਼ਨ ਕਰੇ।ਬੀਬੀਸੀ ਨਾਲ ਗੱਲ ਕਰਦਿਆਂ ਉਨ੍ਹਾਂ ਨੇ ਕਿਹਾ, ਮੇਰੇ ਪੁੱਤ ਨੇ ਨਾ ਸਿਰਫ਼ ਸਾਡੀ ਖ਼ਾਹਿਸ਼ ਪੂਰੀ ਕੀਤੀ ਬਲਕਿ ਪਾਕਿਸਤਾਨੀਆਂ ਨਾਲ ਕੀਤਾ ਵਾਅਦਾ ਵੀ ਪੂਰਾ ਕੀਤਾ ਅਤੇ ਪਾਕਿਸਤਾਨ ਦਾ ਨਾਮ ਰੌਸ਼ਨ ਕੀਤਾ।ਉਨ੍ਹਾਂ ਦੀ ਮਾਂ ਨੇ ਦੱਸਿਆ ਕਿ ਉਨ੍ਹਾਂ ਨੇ ਅੱਜ ਸਵੇਰੇ ਅਰਸ਼ਦ ਨੂੰ ਫੋਨ ਉੱਤੇ ਕਿਹਾ ਕਿ 'ਮੈਂ ਤੁਹਾਡੇ ਤੋਂ ਬਹੁਤ ਖੁਸ਼ ਹਾਂ, ਤੂੰ ਅੱਜ ਮੇਰਾ ਦਿਲ ਵੱਡਾ ਕਰ ਦਿੱਤਾ ਹੈ।ਉਨ੍ਹਾਂ ਨੇ ਕਿਹਾ ਅਰਸ਼ਦ ਨੇ ਉਨ੍ਹਾਂ ਨੂੰ ਕਿਹਾ ਸੀ, ਮਾਂ, ਤੁਸੀਂ ਮੇਰੇ ਲਈ ਬਹੁਤ ਦੁਆਵਾਂ ਕੀਤੀਆਂ ਹਨ ਅਤੇ ਅੱਲਾਹ ਨੇ ਤੁਹਾਡੀਆਂ ਦੁਆਵਾਂ ਨਾਲ ਮੈਨੂੰ ਕਾਮਯਾਬ ਬਣਾਇਆ ਹੈ।ਪਾਕਿਸਤਾਨ ਨੇ ਅਰਸ਼ਦ ਨਦੀਮ ਨੇ ਪੈਰਿਸ ਓਲੰਪਿਕ ਵਿੱਚ ਮਰਦਾਂ ਦੇ ਜੈਵਲਿਨ ਥਰੋ ਮੁਕਾਬਲੇ ਵਿੱਚ 92.97 ਮੀਟਰ ਦੀ ਦੂਰੀ ਤੱਕ ਜੈਵਲਿਨ ਸੁੱਟਕੇ ਨਵਾਂ ਓਲੰਪਿਕ ਰਿਕਾਰਡ ਬਣਾਇਆ ਅਤੇ ਸੋਨੇ ਦਾ ਮੈਡਲ ਜਿੱਤਿਆ।ਇਸੇ ਮੁਕਾਬਲੇ ਵਿੱਚ ਭਾਰਤ ਦੇ ਨੀਰਜ ਚੋਪੜਾ ਨੇ ਚਾਂਦੀ ਦਾ ਮੈਡਲ ਜਿੱਤਿਆ।

**ਜਸ਼ਨ ਪੂਰੀ ਰਾਤ ਚੱਲਿਆ**

ਅਰਸ਼ਦ ਨਦੀਮ ਦਾ ਸਬੰਧ ਪਾਕਿਸਤਾਨ ਦੇ ਪੰਜਾਬ ਸੂਬੇ ਦੀ ਮੀਆਂ ਚੰਨੂ ਨਾਂ ਦੀ ਥਾਂ ਨਾਲ ਹੈ। ਉਨ੍ਹਾਂ ਦੇ ਪਿਤਾ ਰਾਜ ਮਿਸਤਰੀ ਹਨ, ਜਿਨ੍ਹਾਂ ਨੇ ਆਪਣੇ ਪੁੱਤ ਦਾ ਹਰ ਪੈਰ ਉੱਤੇ ਭਰੋਸਾ ਵਧਾਇਆ। ਸਵੇਰੇ ਕਰੀਬ 8 ਵਜੇ ਜਦੋਂ ਬੀਬੀਸੀ ਦੀ ਟੀਮ ਮੀਆਂ ਚੁੱਨੂ ਵਿੱਚ ਅਰਸ਼ਦ ਦੇ ਘਰ ਪਹੁੰਚੀ ਤਾਂ ਅਰਸ਼ਦ ਅਤੇ ਨੀਰਜ ਦੀ ਪ੍ਰੈੱਸ ਕਾਨਫਰੰਸ ਚੱਲ ਰਹੀ ਸੀ ਅਤੇ ਸਾਰੇ ਲੋਕ ਬਹੁਤ ਧਿਆਨ ਨਾਲ ਸੁਣ ਰਹੇ ਸਨ।ਅਰਸ਼ਦ ਦੇ ਭਰਾ ਨੇ ਕਿਹਾ, ਉਹ ਪੂਰੀ ਰਾਤ ਜਾਗਦੇ ਰਹੇ ਅਤੇ ਪੂਰੀ ਰਾਤ ਆਤਿਸ਼ਬਾਜ਼ੀ ਹੁੰਦੀ ਰਹੀ ਅਤੇ ਜਸ਼ਨ ਦਾ ਮਾਹੌਲ ਸੀ।ਉਸ ਵੇਲੇ ਅਰਸ਼ਦ ਦੇ ਘਰ ਦੇ ਬਾਹਰ ਅਜਿਹਾ ਲੱਗ ਰਿਹਾ ਸੀ ਕਿ ਕੋਈ ਵਿਆਹ ਹੋਣ ਵਾਲਾ ਅਤੇ ਲਾੜੇ ਦਾ ਇੰਤਜ਼ਾਰ ਹੋ ਰਿਹਾ ਹੋਵੇ। ਤੰਬੂ ਅਤੇ ਕੁਰਸੀਆਂ ਲਗਾਈਆਂ ਜਾ ਰਹੀਆਂ ਸਨ, ਢੋਲ ਵਜਾਉਣ ਵਾਲੇ ਹਾਜ਼ਰ ਸਨ ਜਦੋਂਕਿ ਰਿਸ਼ਤੇਦਾਰ ਅਤੇ ਨੇੜੇ-ਤੇੜੇ ਦੇ ਪਿੰਡਾਂ ਦੇ ਲੋਕ ਉਨ੍ਹਾਂ ਨੂੰ ਵਧਾਈ ਦੇਣ ਲਈ ਆਏ ਸਨ।

ਅਰਸ਼ਦ ਨਦੀਮ ਦਾ ਮੁਕਾਬਲਾ ਅਰਸ਼ਦ ਨਦੀਮ ਨਾਲ ਸੀ

ਅਰਸ਼ਦ ਦੇ ਵੱਡੇ ਭਰਾ ਸ਼ਾਹਿਦ ਅਜ਼ੀਮ ਨੇ ਕਿਹਾ, ਇਹ ਮੇਰੇ ਭਰਾ ਦਾ ਦਿਨ ਸੀ ਅਤੇ ਰੱਬ ਨੇ ਉਸ ਨੂੰ ਅਸ਼ੀਰਵਾਦ ਦੇਣਾ ਹੀ ਸੀ।ਪੁੱਛੇ ਜਾਣ ਉੱਤੇ ਕਿ ਉਨ੍ਹਾਂ ਨੂੰ ਕੀ ਲੱਗਦਾ ਹੈ ਕਿ ਅਰਸ਼ਦ ਦਾ ਮੁਕਾਬਲਾ ਕਿਸ ਦੇ ਖ਼ਿਲਾਫ਼ ਸੀ ਤਾਂ ਸ਼ਾਹਿਦ ਅਜ਼ੀਮ ਨੇ ਕਿਹਾ, ਅਰਸ਼ਦ ਨਦੀਮ ਦਾ ਮੁਕਾਬਲਾ ਅਰਸ਼ਦ ਨਦੀਮ ਨਾਲ ਸੀ ਕਿਉਂਕਿ ਬਾਕੀ ਸਾਰੇ ਖਿਡਾਰੀ ਚੰਗੇ ਸਨ।ਮੈਂ ਅਰਸ਼ਦ ਨੂੰ ਕਿਹਾ ਕਿ ਜੇਕਰ ਤੁਸੀਂ 90 ਮੀਟਰ ਤੋਂ ਵੱਧ ਥ੍ਰੋ ਕਰੋਗੇ ਤਾਂ ਮੈਡਲ ਤੁਹਾਡਾ ਹੋਵੇਗਾ ਅਤੇ ਜੇਕਰ ਤੁਸੀਂ 90 ਮੀਟਰ ਤੋਂ ਘੱਟ ਦੂਰੀ ਉੱਤੇ ਸਿੱਟੋਗੇ ਤਾਂ ਮੈਡਲ ਕਿਸੇ ਹੋਰ ਦਾ ਹੋਵੇਗਾ।ਉਹ ਦੱਸਦੇ ਹਨ ਕਿ ਅਰਸ਼ਦ ਨਾਲ ਹੋਈ ਗੱਲਬਾਤ ਵਿੱਚ ਅਰਸ਼ਦ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਉਹ 92 ਮੀਟਰ ਤੋਂ ਵੱਧ ਦੂਰੀ ਉੱਤੇ ਜੈਵਲਿਨ ਸੁੱਟ ਸਕਦੇ ਹਨ, ਉਨ੍ਹਾਂ ਨੇ 92.97 ਮੀਟਰ ਦੂਰ ਜੈਵਲਿਨ ਸੁੱਟਿਆ ਸੀ ਅਤੇ ਉਹ ਇਸ ਨਾਲ ਖ਼ੁਸ਼ ਹਨ।

**ਕ੍ਰਿਕਟ, ਫੁੱਟਬਾਲ ਤੇ ਕਬੱਡੀ ਤੋਂ ਲੈ ਕੇ ਜੈਵਲਿਨ ਥ੍ਰੋ ਤੱਕ**

ਮੁਕਾਬਲੇ ਤੋਂ ਨੀਰਜ ਚੋਪੜਾ ਅਤੇ ਤੀਜੇ ਥਾਂ ਉੱਤੇ ਰਹੇ ਗ੍ਰੇਨੇਡਾ ਦੇ ਐਂਡਰਸਨ ਪੀਟਰਸ ਦੇ ਨਾਲ ਇੱਕ ਪੱਤਰਕਾਰ ਵਾਰਤਾ ਨੂੰ ਸੰਬੋਧਨ ਕਰਦੇ ਹੋਏ ਅਰਸ਼ਦ ਨਦੀਮ ਨੇ ਜੈਵਲਿਨ ਥ੍ਰੋ ਵਿੱਚ ਆਪਣੇ ਹੁਣ ਤੱਕ ਦੇ ਸਫ਼ਰ ਬਾਰੇ ਗੱਲ ਕੀਤੀ।ਉਨ੍ਹਾਂ ਨੇ ਕਿਹਾ, ਨੀਰਜ ਦੇ ਵਾਂਗ ਮੈਂ ਪਿੰਡ ਤੋਂ ਸ਼ੁਰੂਆਤ ਕੀਤੀ ਅਤੇ ਸਭ ਤੋਂ ਪਹਿਲਾਂ ਕ੍ਰਿਕਟ ਖੇਡਿਆ।ਅਰਸ਼ਦ ਨੇ ਦੱਸਿਆ, ਮੇਰਾ ਕ੍ਰਿਕਟ ਵਿੱਚ ਪ੍ਰਦਰਸ਼ਨ ਬਹੁਤ ਚੰਗਾ ਸੀ ਅਤੇ ਮੈਂ ਬਹੁਤ ਚੰਗਾ ਗੇਂਦਬਾਜ਼ ਸੀ ਪਰ ਫਿਰ ਕ੍ਰਿਕਟ ਛੱਡਣਾ ਪਿਆ।ਅਰਸ਼ਦ ਕਹਿੰਦੇ ਹਨ, ਇਸੇ ਤਰੀਕੇ ਮੇਰਾ ਫੁੱਟਬਾਲ ਅਤੇ ਕਬੱਡੀ ਵਿੱਚ ਪ੍ਰਦਰਸ਼ਨ ਚੰਗਾ ਸੀ।ਉਨ੍ਹਾਂ ਨੇ ਬੈਡਮਿੰਟਨ ਵੀ ਖੇਡਿਆ ਪਰ ਫਿਰ ਇਸ ਨੂੰ ਛੱਡ ਦਿੱਤਾ ਅਤੇ ਸਕੂਲੀ ਪੱਧਰ ਉੱਤੇ ਐਥਲੈਟਿਕਸ ਸ਼ੁਰੂ ਕੀਤਾ ਅਤੇ ਵੱਖ-ਵੱਖ ਖੇਡਾਂ ਵਿੱਚ ਆਪਣੀ ਕਿਸਮਤ ਅਜ਼ਮਾਈ।ਅਰਸ਼ਦ ਕਹਿੰਦੇ ਹਨ ਕਿ ਉਸ ਵੇਲੇ ਉਨ੍ਹਾਂ ਨੂੰ ਕ੍ਰਿਕਟ ਵਿੱਚ ਅੱਗੇ ਵਧਣ ਵਿੱਚ ਦਿਲਚਸਪੀ ਸੀ ਪਰ ਕ੍ਰਿਕਟ ਵਿੱਚ ਅੱਗੇ ਵਧਣਾ ਅਤੇ ਨਾਮ ਬਣਾਉਣਾ ਅਤੇ ਟੀਮ ਵਿੱਚ ਥਾਂ ਬਣਾਉਣੀ ਮੁਸ਼ਕਲ ਸੀ।ਉਹ ਕਹਿੰਦੇ ਹਨ ਕਿ ਇੱਕ ਦਿਨ ਉਨ੍ਹਾਂ ਦੇ ਕੋਚ ਰਾਸ਼ਿਦ ਅਹਿਮਦ ਸਾਕੀ ਨੇ ਉਨ੍ਹਾਂ ਨੂੰ ਕਿਹਾ, ਯਾਰ ਇੱਕ ਖੇਡ ਚੁਣ ਲਓ, ਤੁਹਾਡਾ ਸਰੀਰ ਚੰਗਾ ਹੈ, ਜੈਵਲਿਨ ਸੁੱਟੋ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਐਥਲੈਟਿਕਸ ਵਿੱਚ ਸ਼ੁਰੂਆਤ ਹੋਈ।ਉਹਨਾਂ ਨੇ 2016 ਵਿੱਚ ਭਾਰਤ ਦੇ ਗੁਵਾਹਾਟੀ ਵਿੱਚ ਨੀਰਜ ਦੇ ਨਾਲ ਪਹਿਲੇ ਮੁਕਾਬਲੇ ਵਿੱਚ 78.33 ਦੇ ਨਾਲ ਪਾਕਿਸਤਾਨ ਦਾ ਰਿਕਾਰਡ ਤੋੜਿਆ ਅਤੇ ਉੱਥੇ ਹੀ ਉਨ੍ਹਾਂ ਨੂੰ ਲੱਗਾ ਕਿ 'ਜੇਕਰ ਮੈਂ ਸਖ਼ਤ ਮਿਹਨਤ ਕਰਾਂ ਤਾਂ ਮੈਂ ਹੋਰ ਅੱਗੇ ਜਾ ਸਕਦਾ ਹਾਂ।

**'ਕ੍ਰਿਕਟ ਦੇ ਚੰਗੇ ਖਿਡਾਰੀ ਰਹੇ**

ਅਰਸ਼ਦ ਨਦੀਮ ਦੇ ਕਰੀਅਰ ਵਿੱਚ ਦੋ ਕੋਚਾਂ ਰਸ਼ੀਦ ਅਹਿਮਦ ਸਾਕੀ ਅਤੇ ਫੈਯਾਜ਼ ਹੁਸੈਨ ਬੁਖਾਰੀ ਨੇ ਅਹਿਮ ਭੂਮਿਕਾ ਨਿਭਾਈ ਹੈ।ਰਾਸ਼ਿਦ ਅਹਿਮਦ ਸਾਕੀ ਖਾਨੀਵਾਲ ਜ਼ਿਲ੍ਹਾ ਅਥਲੈਟਿਕਸ ਐਸੋਸੀਏਸ਼ਨ ਦੇ ਪ੍ਰਧਾਨ ਹੋਣ ਤੋਂ ਇਲਾਵਾ ਖੁਦ ਵੀ ਐਥਲੀਟ ਰਹਿ ਚੁੱਕੇ ਹਨ। ਉਹ ਆਪਣੇ ਖੇਤਰ ਵਿੱਚ ਖੇਤਰ ਵਿੱਚ ਚੰਗੇ ਐਥਲੀਟਾਂ ਦਾ ਹੌਸਲਾ ਵਧਾਉਣ ਵਿੱਚ ਅੱਗੇ ਰਹੇ ਹਨ। 2021 ਵਿੱਚ ਰਸ਼ੀਦ ਅਹਿਮਦ ਸਾਕੀ ਨੇ ਬੀਬੀਸੀ ਪੱਤਰਕਾਰ ਅਬਦੁਲ ਰਾਸ਼ਿਦ ਸ਼ਕੂਰ ਨਾਲ ਗੱਲਬਾਤ ਕਰਦਿਆਂ ਦੱਸਿਆ ਸੀ ਕਿ ਉਹ ਅਰਸ਼ਦ ਨਦੀਮ ਨੂੰ ਉਦੋਂ ਤੋਂ ਜਾਣਦੇ ਸਨ ਜਦੋਂ ਉਹ ਛੇਵੀਂ-ਸੱਤਵੀਂ ਜਮਾਤ ਵਿੱਚ ਪੜ੍ਹਦੇ ਸਨ।ਉਹ ਦੱਸਦੇ ਹਨ, ਉਸ ਸਮੇਂ ਅਰਸ਼ਦ ਦਾ ਧਿਆਨ ਕ੍ਰਿਕਟ ਤੇ ਜ਼ਿਆਦਾ ਸੀ ਅਤੇ ਉਹ ਕ੍ਰਿਕਟਰ ਬਣਨ ਨੂੰ ਲੈ ਕੇ ਕਾਫੀ ਗੰਭੀਰ ਸਨ ਪਰ ਨਾਲ ਹੀ ਉਹ ਐਥਲੈਟਿਕਸ ਚ ਵੀ ਦਿਲਚਸਪੀ ਨਾਲ ਹਿੱਸਾ ਲੈਂਦੇ ਸਨ। ਉਹ ਆਪਣੇ ਸਕੂਲ ਦੇ ਸਭ ਤੋਂ ਵਧੀਆ ਐਥਲੀਟ ਸਨ।ਰਾਸ਼ਿਦ ਅਹਿਮਦ ਸਾਕੀ ਕਹਿੰਦੇ ਹਨ, ਅਰਸ਼ਦ ਨਦੀਮ ਦੇ ਪਰਿਵਾਰ ਨਾਲ ਵੀ ਮੇਰਾ ਚੰਗਾ ਰਿਸ਼ਤਾ ਹੈ। ਮੈਨੂੰ ਯਾਦ ਹੈ ਕਿ ਇੱਕ ਦਿਨ ਉਨ੍ਹਾਂ ਦੇ ਪਿਤਾ ਮੇਰੇ ਕੋਲ ਆਏ ਅਤੇ ਕਿਹਾ ਕਿ ਅਰਸ਼ਦ ਨਦੀਮ ਹੁਣ ਤੁਹਾਡੇ ਹੱਥ ਵਿੱਚ ਹੈ, ਉਹ ਤੁਹਾਡਾ ਪੁੱਤਰ ਹੈ। ,ਮੈਂ ਅਰਸ਼ਦ ਦੀ ਸਿਖਲਾਈ ਦੀ ਜ਼ਿੰਮੇਵਾਰੀ ਲਈ ਅਤੇ ਉਸਨੂੰ ਪੰਜਾਬ ਵਿੱਚ ਵੱਖ-ਵੱਖ ਐਥਲੈਟਿਕਸ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਭੇਜਦਾ ਰਿਹਾ, ਅਰਸ਼ਦ ਨੇ ਪੰਜਾਬ ਯੂਥ ਫੈਸਟੀਵਲ ਅਤੇ ਹੋਰ ਰਾਜ ਪੱਧਰੀ ਮੁਕਾਬਲਿਆਂ ਵਿੱਚ ਚੰਗੀ ਸਫਲਤਾ ਪ੍ਰਾਪਤ ਕੀਤੀ।ਉਹ ਕਹਿੰਦਾ ਹੈ, ÷ਹਾਲਾਂਕਿ ਅਰਸ਼ਦ ਨਦੀਮ ਸ਼ਾਰਟ ਪੁਟ, ਡਿਸਕਸ ਥਰੋਅ ਅਤੇ ਹੋਰ ਈਵੈਂਟਸ ਵਿੱਚ ਹਿੱਸਾ ਲੈਂਦਾ ਸੀ, ਪਰ ਅਰਸ਼ਦ ਲੰਬਾ ਕੱਦ ਦੇਖ ਕੇ ਮੈਂ ਉਸਨੂੰ ਜੈਵਲਿਨ ਥਰੋਅ ਲਈ ਤਿਆਰ ਕੀਤਾ।ਰਾਸ਼ਿਦ ਅਹਿਮਦ ਸਾਕੀ ਦੱਸਦੇ ਹਨ, ਮੈਂ ਅਰਸ਼ਦ ਨਦੀਮ ਨੂੰ ਪਾਕਿਸਤਾਨ ਏਅਰਫੋਰਸ ਵਿੱਚ ਟ੍ਰੇਨਿੰਗ ਲਈ ਭੇਜਿਆ ਪਰ ਇੱਕ ਹਫ਼ਤੇ ਬਾਅਦ ਉਸਨੂੰ ਵਾਪਸ ਬੁਲਾ ਲਿਆ। ਇਸ ਦੌਰਾਨ ਪਾਕਿਸਤਾਨੀ ਫੌਜ ਨੇ ਵੀ ਅਰਸ਼ਦ ਨਦੀਮ ਵਿੱਚ ਦਿਲਚਸਪੀ ਲਈ, ਅਸਲ ਵਿੱਚ ਇੱਕ ਦਿਨ ਫੌਜ ਦੀ ਗੱਡੀ ਆਈ ਅਤੇ ਉਸ ਵਿੱਚ ਬੈਠੇ ਇੱਕ ਕਰਨਲ ਮੇਰੇ ਬਾਰੇ ਪੁੱਛ ਰਹੇ ਸਨ।ਸਾਕੀ ਉਸ ਦਿਨ ਬਾਰੇ ਦੱਸਦੇ ਹਨ, ਮੈਂ ਘਬਰਾ ਗਿਆ ਕਿ ਮਾਮਲਾ ਕੀ ਹੈ ? ਪਰ ਜਦੋਂ ਉਨ੍ਹਾਂ ਨੇ ਅਰਸ਼ਦ ਨਦੀਮ ਦੀ ਗੱਲ ਕੀਤੀ ਤਾਂ ਮੇਰੀ ਜਾਨ ਵਿੱਚ ਜਾਨ ਆਈ।ਕਰਨਲ ਸਾਹਬ ਨੇ ਕਿਹਾ, ਅਰਸ਼ਦ ਨਦੀਮ ਨੂੰ ਫੌਜ ਨੂੰ ਦਿਓ ਪਰ ਮੈਂ ਇਨਕਾਰ ਕਰ ਦਿੱਤਾ। ਜਦੋਂ ਕਰਨਲ ਸਾਹਬ ਨੇ ਕਾਰਨ ਪੁੱਛਿਆ ਤਾਂ ਮੈਂ ਦੱਸਿਆ ਕਿ ਤੁਸੀਂ ਲੋਕ ਇਸ ਦੀ ਟ੍ਰੇਨਿੰਗ ਮਿਲਟਰੀ ਸਟਾਈਲ ਵਿੱਚ ਕਰੋਗੇ। ਵੈਸੇ ਵੀ, ਉਸ ਤੋਂ ਬਾਅਦ ਮੈਂ ਅਰਸ਼ਦ ਨਦੀਮ ਨੂੰ ਵਪਦਾ (ਵਾਟਰ ਐਂਡ ਪਾਵਰ ਡਿਵੈਲਪਮੈਂਟ ਅਥਾਰਟੀ) ਦੇ ਟਰਾਇਲਾਂ ਲਈ ਭੇਜਿਆ ਜਿੱਥੇ ਉਨ੍ਹਾਂ ਦੀ ਚੋਣ ਹੋਈ।

**ਮੀਆਂ ਚੰਨੂ ਤੋਂ ਸ਼ੁਰੂ ਹੋਇਆ ਸਫ਼ਰ**

ਅਰਸ਼ਦ ਨਦੀਮ ਵਿਆਹੇ ਹੋਏ ਹਨ, ਉਨ੍ਹਾਂ ਦਾ ਇੱਕ ਪੁੱਤਰ ਹੈ ਅਤੇ ਇੱਕ ਧੀ ਹੈ।ਰਾਸ਼ਿਦ ਅਹਿਮਦ ਸਾਕੀ ਨੇ ਦੱਸਿਆ ਸੀ, ਮੈਂ ਮਜ਼ਾਕ ਚ ਅਰਸ਼ਦ ਨਦੀਮ ਨੂੰ ਕਹਿੰਦਾ ਸੀ ਕਿ ਜੇਕਰ ਉਨ੍ਹਾਂ ਦਾ ਓਲੰਪਿਕ ਚ ਹਿੱਸਾ ਲੈਣ ਦਾ ਸੁਪਨਾ ਪੂਰਾ ਹੁੰਦਾ ਹੈ ਤਾਂ ਉਸ ਨੂੰ ਵਿਆਹ ਕਰ ਲੈਣਾ ਚਾਹੀਦਾ ਹੈ ਪਰ ਤੁਸੀਂ ਜਾਣਦੇ ਹੋ ਕਿ ਪਿੰਡਾਂ ਚ ਛੋਟੀ ਉਮਰ ਚ ਹੀ ਵਿਆਹ ਹੋ ਜਾਂਦੇ ਹਨ।ਅਰਸ਼ਦ ਨਦੀਮ ਦਾ ਸਫ਼ਰ ਮੀਆਂ ਚੰਨੂ ਦੇ ਘਾਹ ਵਾਲੇ ਮੈਦਾਨ ਤੋਂ ਸ਼ੁਰੂ ਹੋਇਆ ਜੋ ਉਨ੍ਹਾਂ ਨੂੰ ਅੰਤਰਰਾਸ਼ਟਰੀ ਮੁਕਾਬਲਿਆਂ ਤੱਕ ਲੈ ਗਿਆ।ਅਰਸ਼ਦ ਨਦੀਮ ਦੇ ਕੋਚ ਫ਼ੈਯਾਜ਼ ਹੁਸੈਨ ਬੁਖ਼ਾਰੀ ਹਨ ਜੋ ਪਾਕਿਸਤਾਨ ਵਾਪਡਾ ਨਾਲ ਸਬੰਧਤ ਹਨ।ਫੈਯਾਜ਼ ਹੁਸੈਨ ਬੁਖਾਰੀ ਨੇ ਬੀਬੀਸੀ ਉਰਦੂ ਨਾਲ ਗੱਲਬਾਤ ਕਰਦਿਆਂ ਕਿਹਾ ਸੀ, ਅਰਸ਼ਦ ਨਦੀਮ ਇੱਕ ਸਮਝਦਾਰ ਐਥਲੀਟ ਹਨ ਜੋ ਬਹੁਤ ਜਲਦੀ ਸਿੱਖਣ ਦੀ ਕੋਸ਼ਿਸ਼ ਕਰਦੇ ਹਨ। ਜੋ ਕੰਮ ਇੱਕ ਆਮ ਐਥਲੀਟ ਛੇ ਮਹੀਨਿਆਂ ਵਿੱਚ ਕਰਦਾ ਹੈ ਅਰਸ਼ਦ ਉਹ ਕੰਮ ਇੱਕ ਮਹੀਨੇ ਵਿੱਚ ਕਰ ਲੈਂਦੇ ਹਨ।

# ਸਿਆਸਤ 'ਚ ਪੈਸਾ ਕਮਾਉਣ ਨਹੀਂ ਦੇਸ਼ ਨੂੰ ਨਵੀਂ ਦਿਸ਼ਾ ਦੇਣ ਆਏ ਹਾਂ: ਮਾਨ

ਸੋਨੀਪਤ-ਹਰਿਆਣਾ ਦੇ ਸੋਨੀਪਤ ਜ਼ਿਲ੍ਹੇ ਦੇ ਗੋਹਾਨਾ 'ਚ ਅੱਜ ਯਾਨੀ ਕਿ ਸੋਮਵਾਰ ਨੂੰ ਆਮ ਆਦਮੀ ਪਾਰਟੀ ਦੀ 'ਬਦਲਾਂਗੇ ਹਰਿਆਣਾ' ਰੈਲੀ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੰਬੋਧਿਤ ਕੀਤਾ। ਆਪਣੇ ਸੰਬੋਧਨ 'ਚ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਸਾਡਾ ਰਾਜਨੀਤੀ 'ਚ ਆਉਣ ਦਾ ਕੋਈ ਇਰਾਦਾ ਨਹੀਂ ਸੀ। ਵਿਰੋਧੀ ਪਾਰਟੀਆਂ ਵੱਲੋਂ ਦੇਸ਼ ਦੀ ਕੀਤੀ ਜਾ ਰਹੀ ਲੁੱਟ ਨੇ ਸਾਨੂੰ ਰਾਜਨੀਤੀ 'ਚ ਆਉਣ ਲਈ ਮਜਬੂਰ ਕਰ ਦਿੱਤਾ। ਅਸੀਂ ਰਾਜਨੀਤੀ 'ਚ ਪੈਸਾ ਕਮਾਉਣ ਨਹੀਂ ਬਲਕਿ ਦੇਸ਼ ਨੂੰ ਇਕ ਨਵੀਂ ਦਿਸ਼ਾ ਅਤੇ ਦਸ਼ਾ ਦੇਣ ਲਈ ਆਏ ਹਾਂ।

ਸਾਡਾ ਮੁੱਖ ਟੀਚਾ ਲੋਕਾਂ ਨੂੰ ਚੰਗੀਆਂ ਸਹੂਲਤਾਂ ਪ੍ਰਦਾਨ ਕਰਨਾ ਹੈ। ਮਾਨ ਨੇ ਅੱਗੇ ਕਿਹਾ ਕਿ ਪੱਤਰਕਾਰਾਂ ਨੇ ਮੈਨੂੰ ਸਵਾਲ ਕੀਤਾ ਕਿ ਤੁਸੀਂ ਬਹੁਤ ਉੱਚਾਈ 'ਤੇ ਚੱਲੇ ਗਏ। ਤੁਹਾਨੂੰ ਡਰ ਨਹੀਂ ਲੱਗਦਾ, ਕਿਤੇ ਹੇਠਾਂ ਆ ਗਏ ਤਾਂ ਮੁੱਖ ਮੰਤਰੀ ਨੇ ਇਸ ਦੇ ਜਵਾਬ ਵਿਚ ਕਿਹਾ ਕਿ 30-40 ਫੁੱਟ ਟਿਊਬਵੈੱਲ ਦੇ ਟੋਇਆਂ ਤੋਂ ਨਿਕਲ ਕੇ ਆਏ ਹਾਂ, ਇਸ ਤੋਂ ਹੇਠਾਂ ਤਾਂ ਪਾਣੀ ਹੈ। ਨਾ ਮੈਨੂੰ ਡੂੰਘਾਈ ਤੋਂ ਡਰ ਲੱਗਦਾ ਹੈ ਅਤੇ ਨਾ ਹੀ ਉੱਚਾਈ ਤੋਂ। ਡਰ ਲੱਗਦਾ ਹੈ ਤਾਂ ਉਸ ਨੀਲੀ ਛੱਤਰੀ ਵਾਲੇ ਤੋਂ। ਮਾਨ ਮੁਤਾਬਕ ਸਾਡੇ ਦੇਸ਼ ਨੂੰ ਆਜ਼ਾਦ ਹੋਇਆਂ 75 ਸਾਲ ਹੋ ਗਏ ਹਨ। ਸਾਨੂੰ ਕੀ ਮਿਲਿਆ ? ਪਿਛਲੀਆਂ ਸਰਕਾਰਾਂ 'ਤੇ ਤੰਜ਼ ਕੱਸਦੇ ਹੋਏ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਲੋਕ ਇਨ੍ਹਾਂ ਨੂੰ ਵੋਟਾਂ ਦਿੰਦੇ-ਦਿੰਦੇ ਥੱਕ ਗਏ ਪਰ ਇਹ ਵੋਟਾਂ ਮੰਗਦੇ ਨਹੀਂ ਥੱਕੇ। ਅਮਰੀਕਾ ਵਾਲੇ ਮੰਗਲ ਗ੍ਰਹਿ 'ਤੇ ਪਲਾਂਟ ਕੱਟਣ ਦੀ ਸੋਚ ਰਹੇ ਹਨ ਪਰ ਅਸੀਂ ਸੀਵਰੇਜ ਦੇ ਢੱਕਣਾ ਦੇ ਚੱਕਰ 'ਚ ਹੀ ਫਸੇ ਹੋਏ ਹਾਂ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਸ਼ਹੀਦਾਂ ਦੀ ਆਤਮਾ ਵੀ ਤੜਫ ਰਹੀ ਹੋਵੇਗੀ। ਦੇਸ਼ ਲਈ 22-23 ਸਾਲ ਦੀ ਉਮਰ 'ਚ ਨੌਜਵਾਨਾਂ ਨੇ ਫਾਂਸੀ ਦੇ ਰੱਸੇ ਚੁੰਮ ਲਏ ਪਰ ਦੇਸ਼ ਨੂੰ ਕੀ ਮਿਲਿਆ, ਗਰੀਬੀ, ਅਨਪੜ੍ਹਤਾ। ਜਿੰਨ੍ਹਾਂ ਨੌਜਵਾਨਾਂ ਦੇ ਮੋਢਿਆ 'ਤੇ ਦੇਸ਼ ਦੀ ਜ਼ਿੰਮੇਵਾਰ ਹੋਣੀ ਚਾਹੀਦੀ ਸੀ। ਅੱਜ ਉਨ੍ਹਾਂ ਮੋਢਿਆ 'ਤੇ ਡਾਂਗਾ ਦੇ ਨਿਸ਼ਾਨ ਹਨ। ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਜੀ ਨੇ ਅਜਿਹਾ ਕਦੇ ਨਹੀਂ ਸੋਚਿਆ ਹੋਣਾ ਕਿ ਮੇਰੇ ਤੋਂ ਬਾਅਦ ਦੇਸ਼ ਦੇ ਨੌਜਵਾਨਾਂ ਦਾ ਅਜਿਹਾ ਹਾਲ ਹੋਵੇਗਾ। 75 ਸਾਲ ਹੋ ਗਏ, ਕੁਝ ਤਾਂ ਕਰ ਦਿੰਦੇ। ਮਾਨ ਨੇ ਕਿਹਾ ਕਿ ਸਾਡੇ ਕੋਲ ਸੱਚਾਈ ਅਤੇ ਈਮਾਨਦਾਰੀ ਹੈ। ਇਹ ਕੇਜਰੀਵਾਲ ਦੇ ਸਿਪਾਹੀਆਂ ਕੋਲ ਹੈ। ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਨੂੰ ਸਿਰਫ਼ ਢਾਈ ਸਾਲ ਹੋਏ ਨੇ। ਅਸੀਂ ਹੁਣ ਤੱਕ 44,250 ਨੌਜਵਾਨ ਮੁੰਡੇ-ਕੁੜੀਆਂ ਨੂੰ ਬਿਨਾਂ ਰਿਸ਼ਵਤ ਅਤੇ ਬਿਨਾਂ ਸਿਫਾਰਸ਼ ਦੇ ਸਰਕਾਰੀ ਨੌਕਰੀਆਂ ਦੇ ਚੁੱਕੇ ਹਾਂ। ਹਰਿਆਣਾ ਵਾਲਿਓਂ, ਇਸ ਬਾਰੇ ਤੁਸੀਂ ਆਪਣੇ ਪੰਜਾਬ ਰਹਿੰਦੇ ਰਿਸ਼ਤੇਦਾਰਾਂ ਅਤੇ ਦੋਸਤਾਂ ਤੋਂ ਫ਼ੋਨ ਕਰਕੇ ਪੁੱਛ ਸਕਦੇ ਹੋ। ਅਸੀਂ ਵਾਅਦਾ ਕੀਤਾ ਸੀ ਕਿ ਪੰਜਾਬ ਵਿਚ ਬਿਜਲੀ ਮੁਫ਼ਤ ਕਰਾਂਗੇ ਤਾਂ ਵਿਰੋਧੀ ਧਿਰ ਨੇ ਕਿਹਾ ਸੀ ਕਿ ਪੈਸੇ ਕਿੱਥੋਂ ਆਉਣਗੇ ? ਮਾਰਚ, 2022 ਵਿਚ ਸਹੁੰ ਚੁੱਕਣ ਮਗਰੋਂ 1 ਜੁਲਾਈ ਤੋਂ 90 ਫ਼ੀਸਦੀ ਪੰਜਾਬੀਆਂ ਨੂੰ ਬਿਜਲੀ ਦੇ ਬਿੱਲ ਨਹੀਂ ਆਉਂਦੇ ਹਨ। ਮੁੱਖ ਮੰਤਰੀ ਮਾਨ ਨੇ ਕਿਹਾ ਕਿ 2 ਦਿਨ ਪਹਿਲਾਂ ਮਨੀਸ਼ ਸਿਸੋਦੀਆ ਜੀ ਅਤੇ ਉਸ ਤੋਂ ਪਹਿਲਾਂ ਸੰਜੇ ਸਿੰਘ ਜੀ ਨੂੰ ਮਾਣਯੋਗ ਅਦਾਲਤ ਵੱਲੋਂ ਜ਼ਮਾਨਤ ਮਿਲੀ ਹੈ। ਆਉਣ ਵਾਲੇ ਦਿਨਾਂ 'ਚ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਜੀ ਵੀ ਬਾਹਰ ਆਉਣਗੇ।ਪੰਜਾਬ ਕੈਬਨਿਟ ਮੰਤਰੀਆਂ ਦੀ ਮੀਟਿੰਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ 15 ਅਗਸਤ ਤੋਂ ਇਕ ਦਿਨ ਪਹਿਲਾਂ 14 ਅਗਸਤ ਨੂੰ ਸੱਦੀ ਗਈ ਹੈ। ਇਹ ਮੀਟਿੰਗ ਮੁੱਖ ਮੰਤਰੀ ਦੀ ਰਿਹਾਇਸ਼ ਵਿਖੇ ਸਵੇਰੇ 10 ਵਜੇ ਹੋਵੇਗੀ। ਮੀਟਿੰਗ ਦਾ ਏਜੰਡਾ ਬਾਅਦ ਵਿਚ ਜਾਰੀ ਹੋਵੇਗਾ।



# ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਬਣਾਈ ਰੱਖਣਾ ਸਿੱਖ ਪੰਥ ਦੀ ਜ਼ਿੰਮੇਵਾਰੀ

**ਅਕਾਲ ਤਖ਼ਤ ਦੇ ਦੋ ਜਥੇਦਾਰ ਭਾਈ ਮਨਜੀਤ ਸਿੰਘ ਅਤੇ ਭਾਈ ਰਣਜੀਤ ਸਿੰਘ ਨੂੰ ਵੀ ਸਰਕਾਰੀ ਲਾਈਨ ਟੋਅ ਨਾ ਕਰਨ ਕਰਕੇ ਅਹੁਦਿਆਂ ਤੋਂ ਹਟਾ ਦਿੱਤਾ ਗਿਆ। ਇਸ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਤੋਂ ਜੋ ਫ਼ੈਸਲੇ ਪੰਥਕ ਹਿੱਤਾਂ ਦੇ ਵਿਰੁੱਧ ਕਰਵਾਏ ਗਏ, ਉਨ੍ਹਾਂ ਨੂੰ ਸਿੱਖ ਸੰਗਤ ਜਾਣਦੀ ਹੈ। ਉਨ੍ਹਾਂ ਵਾਦ-ਵਿਵਾਦ ਵਾਲੇ ਫ਼ੈਸਲਿਆਂ ਤੋਂ ਬਾਅਦ ਅਕਾਲੀ ਦਲ ਵੀ ਹਾਸ਼ੀਏ 'ਤੇ ਚਲਾ ਗਿਆ। ਜਿਸ ਸੋਚ ਨਾਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪੀਰੀ ਤੇ ਮੀਰੀ ਦਾ ਸੰਕਲਪ ਦਿੱਤਾ ਸੀ, ਅਕਾਲੀ ਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਤਹਿਸ ਨਹਿਸ ਕਰ ਦਿੱਤਾ। ਸੋਚਣ ਵਾਲੀ ਗੱਲ ਤਾਂ ਇਹੋ ਹੈ ਕਿ ਕੀ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਜਥੇਦਾਰ ਨਿਰਪੱਖ ਹੋ ਕੇ ਫ਼ੈਸਲੇ ਕਰ ਸਕਦੇ ਹਨ ?**

ਉਜਾਗਰ ਸਿੰਘ

ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਸਿੱਖ ਜਗਤ ਲਈ ਸਰਵੋਤਮ ਪਵਿੱਤਰ ਸਥਾਨ ਹੈ। ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਪੀਰੀ ਤੇ ਮੀਰੀ ਦੇ ਸਥਾਨ ਦੀ ਸਥਾਪਨਾ ਸਿਆਸੀ ਜ਼ਬਰ ਤੇ ਜ਼ੁਲਮ ਦੇ ਵਿਰੁੱਧ ਆਵਾਜ਼ ਬੁਲੰਦ ਕਰਨ, ਸਿੱਖ ਵਿਚਾਰਧਾਰਾ ਦੇ ਪ੍ਰਚਾਰ ਤੇ ਪ੍ਰਸਾਰ, ਅਧਿਆਤਮਿਕ ਅਗਵਾਈ ਤੇ ਰਾਜਨੀਤਕ ਪ੍ਰਭੂਸਤਾ ਹਾਸਲ ਕਰਨ ਲਈ ਕੀਤੀ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਪੰਥਕ ਕੇਂਦਰ ਵਜੋਂ ਅਕਾਲ ਬੁੰਗੇ ਦੇ ਰੂਪ ਵਿੱਚ ਹੋਈ ਸੀ। ਪੀਰੀ/ਧਰਮ ਅਤੇ ਮੀਰੀ/ਸਿਆਸਤ, ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਪੀਰੀ/ਧਰਮ ਪਹਿਲਾਂ ਰੱਖਿਆ ਤੇ ਮੀਰੀ/ਸਿਆਸਤ ਬਾਅਦ ਵਿੱਚ। ਬਾਅਦ ਵਿੱਚ ਇਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਨਾਮ ਦਿੱਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ 1925 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜ਼ਿਕਰ ਨਹੀਂ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਸਿੱਖ ਧਰਮ ਦੇ ਅਨੁਆਈਆਂ ਭਾਵ ਸਿੱਖਾਂ ਦਾ ਮਾਰਗ ਦਰਸ਼ਨ ਕਰਨਾ ਹੁੰਦਾ ਹੈ। ਜਿਹੜੇ ਸਿੱਖ, ਸਿੱਖ ਧਰਮ ਦੀ ਵਿਚਾਰਧਾਰਾ, ਪਰੰਪਰਾਵਾਂ ਅਤੇ ਰਹਿਤ ਮਰਿਆਦਾ ਦੀ ਉਲੰਘਣਾ ਕਰਨ, ਉਨ੍ਹਾਂ ਨੂੰ ਸਿੱਖ ਪੰਥ ਵਿੱਚੋਂ ਛੇਕਣਾ ਪ੍ਰੰਤੂ ਜੇਕਰ ਬਹੁਤੀ ਗੰਭੀਰ ਗ਼ਲਤੀ ਨਹੀਂ ਤਾਂ ਧਾਰਮਿਕ ਤਨਖ਼ਾਹ ਲਗਾ ਕੇ ਮੁੜ ਪੰਥ ਵਿੱਚ ਸ਼ਾਮਲ ਕਰਨਾ ਹੁੰਦਾ ਹੈ। ਗੁਨਾਹ ਮੁਆਫ਼ ਨਹੀਂ ਹੋ ਸਕਦਾ। ਕੋਈ ਸੱਚਾ ਸੁੱਚਾ ਸਿੱਖ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉਚਤਾ ਨੂੰ ਵੰਗਾਰ ਨਹੀਂ ਸਕਦਾ ਅਤੇ ਨਾ ਹੀ ਉਸ ਦੇ ਹੁਕਮਨਾਮੇ/ਗੁਰਮਤੇ ਨੂੰ ਅਣਡਿੱਠ ਕਰ ਸਕਦਾ ਹੈ। ਸਰਵੋਤਮ ਸ੍ਰੀ ਅਕਾਲ ਤਖ਼ਤ ਸਾਹਿਬ ਹੈ, ਜਥੇਦਾਰ ਉਸਦਾ ਮੁੱਖੀ ਹੁੰਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਬਰਕਰਾਰ ਰੱਖਣਾ ਵੀ ਸਿੱਖ ਸੰਗਤ ਦਾ ਫ਼ਰਜ਼ ਬਣਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਸਭ ਨਾਲੋਂ ਵੱਡੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਉਨ੍ਹਾਂ ਕੋਲ ਆਈਆਂ ਸਿੱਖ ਮਰਿਆਦਾ ਦੀ ਉਲੰਘਣਾ ਸਬੰਧੀ ਸ਼ਿਕਾਇਤਾਂ ਬਾਰੇ ਸਿੱਖ ਧਰਮ ਦੀ ਵਿਚਾਰਧਾਰਾ ਦੀ ਮਹੱਤਤਾ ਨੂੰ ਮੁੱਖ ਰੱਖਦਿਆਂ ਨਿਰਪੱਖ ਫ਼ੈਸਲੇ ਕਰਕੇ ਹੁਕਮਨਾਮੇ/ਗੁਰਮਤੇ ਜਾਰੀ ਕਰਨ। ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਹਿਲੇ ਜਥੇਦਾਰ ਭਾਈ ਗੁਰਦਾਸ ਜੀ ਨੂੰ 1609 ਵਿੱਚ ਨਿਯੁਕਤ ਕੀਤਾ ਸੀ, ਜਿਹੜੇ 1637 ਤੱਕ 28 ਸਾਲ ਇਸ ਪਵਿੱਤਰ ਅਹੁਦੇ 'ਤੇ ਰਹੇ। ਦੂਜੇ ਜਥੇਦਾਰ ਭਾਈ ਮਨੀ ਸਿੰਘ ਨੂੰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿੱਚ ਨਿਯੁਕਤ ਕੀਤਾ ਸੀ, ਜਿਹੜੇ 1737 ਤੱਕ 38 ਸਾਲ ਜਥੇਦਾਰ ਰਹੇ। ਉਸ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ 4 ਜਥੇਦਾਰ ਦਰਬਾਰਾ ਸਿੰਘ, ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆ ਅਤੇ ਅਕਾਲੀ ਫੂਲਾ ਸਿੰਘ ਤੱਕ ਸਰਬੱਤ ਖਾਲਸਾ ਨਿਯੁਕਤੀ ਕਰਦੀ ਰਹੀ। ਦੋ ਜਥੇਦਾਰ ਹਨੂੰਮਾਨ ਸਿੰਘ ਅਤੇ ਪਰਹਲਾਦ ਸਿੰਘ ਬੁੱਢਾ ਦਲ ਨੇ ਨਿਯੁਕਤ ਕੀਤੇ ਸਨ। ਤੇਜਾ ਸਿੰਘ ਭੁੱਚਰ ਨੂੰ ਸਰਬੱਤ ਖਾਲਸਾ ਨੇ 1920 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਨਿਯੁਕਤ ਕੀਤਾ ਤੇ ਉਹ 1921 ਤੱਕ ਇਸ ਅਹੁਦੇ 'ਤੇ ਰਹੇ। ਉਨ੍ਹਾਂ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਗਾਤਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨ ਦੀ ਨਿਯੁਕਤੀ ਕਰਦੀ ਆ ਰਹੀ ਹੈ। ਸਿੱਖ ਸਿਆਸਤ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਤੋਂ 99 ਸਾਲ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਦੇ 1708 ਵਿੱਚ ਆਉਣ ਤੋਂ ਬਾਅਦ ਆਈ। 1980 ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗੁਰਮਤਿ ਦੇ ਧਾਰਨੀ ਧਾਰਮਿਕ ਗੁਰਮੁੱਖ ਵਿਅਕਤੀਆਂ ਨੂੰ ਨਿਯੁਕਤ ਕੀਤਾ ਜਾਂਦਾ ਸੀ, ਜਿਹੜੇ ਮੰਨੇ ਪ੍ਰਮੰਨੇ ਅਧਿਆਤਮਿਕ ਤੌਰ 'ਤੇ ਪ੍ਰਮਾਣਤ ਸਿੱਖ ਧਰਮ ਦੇ ਗਿਆਤਾ ਹੁੰਦੇ ਸਨ। 1980 ਤੱਕ ਉਚ ਕੋਟੀ ਦੇ ਜਥੇਦਾਰ ਹੋਣ ਕਰਕੇ ਕੋਈ ਵਾਦ-ਵਿਵਾਦ ਨਹੀਂ ਹੋਇਆ। ਇੱਥੋਂ ਤੱਕ ਕਿ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਜੋ ਪੰਜਾਬ ਪ੍ਰਦੇਸ ਕਾਂਗਰਸ ਦੇ ਪ੍ਰਧਾਨ ਵੀ ਸਨ ਅਤੇ ਨਾਲ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ। ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਾਰੇ ਸਿੱਖ ਜਗਤ ਦਾ ਹੈ ਨਾ ਕਿ ਕਿਸੇ ਇੱਕ ਪਾਰਟੀ ਦਾ, ਸਿੱਖ ਤਾਂ ਸਾਰੀਆਂ ਪਾਰਟੀਆਂ ਵਿੱਚ ਹਨ। ਹਰ ਸਿੱਖ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਤ ਹੈ। ਇਸ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਮੁਲਾਜ਼ਮ ਗ੍ਰੰਥੀ ਸਾਹਿਬਾਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨਿਯੁਕਤ ਕਰਨਾ ਸ਼ੁਰੂ ਕਰ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਲਾਜ਼ਮ ਹੋਣਾ ਕੋਈ ਗ਼ਲਤ ਗੱਲ ਨਹੀਂ ਪ੍ਰੰਤੂ ਉਸਦਾ ਨਿਰਪੱਖ ਰਹਿਣਾ ਅਸੰਭਵ ਹੋ ਜਾਂਦਾ ਹੈ ਕਿਉਂਕਿ ਉਨ੍ਹਾਂ ਨੂੰ ਕਿਸੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਅਧੀਨ ਕੰਮ ਕਰਨਾ ਪੈਂਦਾ ਹੈ। ਕਮੇਟੀ ਤੋਂ ਨੌਕਰੀ ਦੀ ਤਨਖ਼ਾਹ ਲੈਂਦਾ ਹੈ, ਕੁਦਰਤੀ ਹੈ ਕਿ ਉਹ ਸ਼੍ਰੋਮਣੀ ਕਮੇਟੀ ਦੇ ਪ੍ਰਭਾਵ ਹੇਠ ਰਹੇਗਾ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਕਿਸੇ ਦੇ ਅਧੀਨ ਨਹੀਂ ਹੋ ਸਕਦਾ। ਇਸ ਪਵਿੱਤਰ ਸਥਾਨ 'ਤੇ ਨਿਯੁਕਤ ਜਥੇਦਾਰ ਸਾਹਿਬਾਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਭਾਵ ਅਧੀਨ ਕੰਮ ਕਰਨਾ ਸ਼ੁਰੂ ਕਰ ਦਿੱਤਾ, ਜਿਹੜੇ ਜਥੇਦਾਰ ਸਾਹਿਬਾਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥਠੋਕੇ ਬਣਨ ਤੋਂ ਇਨਕਾਰ ਕੀਤਾ, ਉਨ੍ਹਾਂ ਨੂੰ ਅਹੁਦਿਆਂ ਤੋਂ ਹਟਾ ਦਿੱਤਾ ਜਾਂਦਾ ਰਿਹਾ। ਇਥੋਂ ਤੱਕ ਕਿ ਕਾਰਜਕਾਰੀ ਭਾਵ ਕੰਮ ਚਲਾਊ ਜਥੇਦਾਰ ਨਿਯੁਕਤ ਕਰਨੇ ਸ਼ੁਰੂ ਕਰ ਦਿੱਤੇ ਤਾਂ ਜੋ ਉਹ ਆਪਣੇ ਹੁਕਮਰਾਨਾਂ ਦੇ ਹੁਕਮਾਂ ਦੀ ਪਾਲਣਾ ਕਰਦੇ ਰਹਿਣ। 1952 ਵਿੱਚ ਪਹਿਲੀ ਵਾਰ ਪਰਤਾਪ ਸਿੰਘ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਐਕਟਿੰਗ ਅਰਥਾਤ ਕੰਮ ਚਲਾਊ ਜਥੇਦਾਰ ਲਗਾਇਆ। ਉਸਤੋਂ ਬਾਅਦ 10 ਵਾਰੀ ਹੋਰ ਐਕਟਿੰਗ ਜਥੇਦਾਰ ਨਿਯੁਕਤ ਕੀਤੇ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਕਾਲੀ ਦਲ ਆਪਣੀ ਮਰਜ਼ੀ ਅਨੁਸਾਰ ਚਲਾਉਣ ਲੱਗਾ, ਜਦੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਅਕਾਲੀ ਦਲ ਦੀ ਲਾਈਨ ਟੋਅ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਜਥੇਦਾਰ ਟੌਹੜਾ ਨੂੰ ਹੀ ਪ੍ਰਧਾਨਗੀ ਤੋਂ ਹਟਾ ਦਿੱਤਾ ਗਿਆ। ਫਿਰ ਤਾਂ ਪ੍ਰਧਾਨਗੀ ਦੀ ਪਰਚੀ ਦੇ ਦੋਸ਼ ਅਕਾਲੀ ਦਲ ਦੇ ਪ੍ਰਧਾਨ ਦੀ ਜੇਬ ਵਿੱਚੋਂ ਨਿਕਲਣ ਦੇ ਲੱਗਣ ਲੱਗ ਪਏ। ਅਕਾਲ ਤਖ਼ਤ ਦੇ ਦੋ ਜਥੇਦਾਰ ਭਾਈ ਮਨਜੀਤ ਸਿੰਘ ਅਤੇ ਭਾਈ ਰਣਜੀਤ ਸਿੰਘ ਨੂੰ ਵੀ ਸਰਕਾਰੀ ਲਾਈਨ ਟੋਅ ਨਾ ਕਰਨ ਕਰਕੇ ਅਹੁਦਿਆਂ ਤੋਂ ਹਟਾ ਦਿੱਤਾ ਗਿਆ। ਇਸ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਤੋਂ ਜੋ ਫ਼ੈਸਲੇ ਪੰਥਕ ਹਿੱਤਾਂ ਦੇ ਵਿਰੁੱਧ ਕਰਵਾਏ ਗਏ, ਉਨ੍ਹਾਂ ਨੂੰ ਸਿੱਖ ਸੰਗਤ ਜਾਣਦੀ ਹੈ। ਉਨ੍ਹਾਂ ਵਾਦ-ਵਿਵਾਦ ਵਾਲੇ ਫ਼ੈਸਲਿਆਂ ਤੋਂ ਬਾਅਦ ਅਕਾਲੀ ਦਲ ਵੀ ਹਾਸ਼ੀਏ 'ਤੇ ਚਲਾ ਗਿਆ। ਜਿਸ ਸੋਚ ਨਾਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪੀਰੀ ਤੇ ਮੀਰੀ ਦਾ ਸੰਕਲਪ ਦਿੱਤਾ ਸੀ, ਅਕਾਲੀ ਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਤਹਿਸ ਨਹਿਸ ਕਰ ਦਿੱਤਾ। ਸੋਚਣ ਵਾਲੀ ਗੱਲ ਤਾਂ ਇਹੋ ਹੈ ਕਿ ਕੀ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਜਥੇਦਾਰ ਨਿਰਪੱਖ ਹੋ ਕੇ ਫ਼ੈਸਲੇ ਕਰ ਸਕਦੇ ਹਨ? ਪੁਰਾਤਨ ਪਰੰਪਰਾ ਅਨੁਸਾਰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਰਬੱਤ ਖਾਲਸਾ ਦੁਆਰਾ ਨਿਯੁਕਤ ਕੀਤੇ ਜਾਣੇ ਚਾਹੀਦੇ ਹਨ ਪ੍ਰੰਤੂ ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਿਯੁਕਤ ਕਰਨੇ ਹਨ ਤਾਂ ਉਨ੍ਹਾਂ ਲਈ ਕੋਈ ਨਿਯਮ ਬਣਾਉਣੇ ਚਾਹੀਦੇ ਹਨ ਤੇ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਨਹੀਂ ਹੋਣੇ ਚਾਹੀਦੇ। ਉਨ੍ਹਾਂ ਦੀ ਮਿਆਦ ਨਿਸ਼ਚਿਤ ਹੋਣੀ ਚਾਹੀਦੀ ਹੈ। ਐਕਟਿੰਗ ਜਥੇਦਾਰ ਨਹੀਂ ਹੋਣੇ ਚਾਹੀਦੇ। ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਥੇਦਾਰਾਂ ਦੀ ਨਿਯੁਕਤੀ ਸਹੀ ਨਿਯਮਾਂ ਅਨੁਸਾਰ ਕਰਦੀ ਤਾਂ ਸਮਾਨਾਂਤਰ ਜਥੇਦਾਰ ਨਿਯੁਕਤ ਨਹੀਂ ਕਰਨੇ ਪੈਣੇ ਸਨ। ਨਿਰਪੱਖ ਫ਼ੈਸਲਿਆਂ ਲਈ ਨਿਰਪੱਖ ਗੁਰਮੁੱਖ ਗੁਰਮਤਿ ਦੇ ਧਾਰਨੀ ਹੋਣੇ ਚਾਹੀਦੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਪੰਜ ਤਖ਼ਤਾਂ ਦੇ ਮੁੱਖ ਗ੍ਰੰਥੀਆਂ/ ਜਥੇਦਾਰਾਂ ਨਾਲ ਮੀਟਿੰਗ ਕਰਕੇ ਫ਼ੈਸਲੇ ਕਰਕੇ ਹੁਕਮਨਾਮੇ /ਗੁਰਮਤੇ ਜਾਰੀ ਕਰਦੇ ਹਨ ਪ੍ਰੰਤੂ ਬਾਕੀ ਤਖ਼ਤਾਂ ਦੇ ਜਥੇਦਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਹੁੰਦੇ ਹਨ। ਸਿੱਖ ਧਰਮ ਦੇ 5 ਤਖ਼ਤ ਹਨ, ਜਿਨ੍ਹਾਂ ਦੇ ਮੁਖੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੀ ਅਗਵਾਈ ਵਿੱਚ ਫ਼ੈਸਲੇ ਕਰਕੇ ਹੁਕਮਨਾਮੇ /ਗੁਰਮਤੇ ਜਾਰੀ ਕਰਦੇ ਹਨ। ਉਨ੍ਹਾਂ ਦੇ ਫ਼ੈਸਲੇ ਕਦੀ ਵੀ ਨਿਰਪੱਖ ਹੋਣ ਦੀ ਸੰਭਾਵਨਾ ਨਹੀਂ ਹੁੰਦੀ ਕਿਉਂਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਤਨਖ਼ਾਹ ਲੈਂਦੇ ਹਨ। ਸਿੱਖ ਸੰਗਤ ਨੂੰ ਅਖ਼ਬਾਰਾਂ ਦੀਆਂ ਖ਼ਬਰਾਂ ਤੋਂ ਪਤਾ ਲੱਗਿਆ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਤਖ਼ਤਾਂ ਦੇ ਮੁਖੀਆਂ ਨੂੰ ਮੁੱਖ ਮੰਤਰੀ ਦੀ ਕੋਠੀ ਚੰਡੀਗੜ੍ਹ ਬੁਲਾਕੇ ਰਾਮ ਰਹੀਮ ਨੂੰ ਮੁਆਫੀ ਦੇਣ ਲਈ ਕਿਹਾ ਗਿਆ ਸੀ। ਉਸ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਅਹੁਦੇ ਦੀ ਤੌਹੀਨ ਹੋਈ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਿਰਸਾ ਡੇਰੇ ਦੇ ਮੁਖੀ ਰਾਮ ਰਹੀਮ ਨੂੰ ਬਿਨਾ ਸ੍ਰੀ ਅਕਾਲ ਤਖ਼ਤ 'ਤੇ ਪੇਸ਼ ਹੋਇਆਂ ਹੀ ਮੁਆਫ਼ੀ ਦੇਣਾ ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਦੇ ਬਰਾਬਰ ਸੀ। ਵੈਸੇ ਰਾਮ ਰਹੀਮ ਤਾਂ ਸਿੱਖ ਹੀ ਨਹੀਂ, ਉਸ ਨੂੰ ਤਖ਼ਤ 'ਤੇ ਬੁਲਾਇਆ ਹੀ ਨਹੀਂ ਜਾ ਸਕਦਾ, ਮੁਆਫ਼ ਕਰਨ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਹੁਕਮਨਾਮੇ /ਗੁਰਮਤੇ ਵਾਪਸ ਲਏ ਹੀ ਨਹੀਂ ਜਾ ਸਕਦੇ। ਇਥੇ ਹੀ ਬਸ ਨਹੀਂ ਸ੍ਰੀ ਅਕਾਲ ਤਖ਼ਤ ਦੇ ਫ਼ੈਸਲੇ ਨੂੰ ਜਾਇਜ਼ ਸਾਬਤ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 90 ਲੱਖ ਰੁਪਏ ਦੇ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇਣਾ ਇਹ ਸਾਬਤ ਕਰਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਫ਼ੈਸਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਹਿਣ 'ਤੇ ਹੋਇਆ ਸੀ। ਜੇਕਰ ਸ੍ਰੀ ਅਕਾਲ ਤਖ਼ਤ ਦਾ ਇਹ ਫ਼ੈਸਲਾ ਸਹੀ ਸੀ ਤਾਂ ਫਿਰ ਸਿੱਖ ਸੰਗਤਾਂ ਦੇ ਵੱਡੇ ਪੱਧਰ 'ਤੇ ਕੀਤੇ ਗਏ ਵਿਰੋਧ ਤੋਂ ਬਾਅਦ ਵਾਪਸ ਕਿਉਂ ਲਿਆ ਗਿਆ? ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਸ੍ਰੀ ਅਕਾਲ ਤਖ਼ਤ ਦੀ ਸਥਾਪਨਾ ਦਾ ਭਾਵ ਇਹ ਸੀ ਕਿ ਰਾਜਨੀਤਕ ਤਾਕਤ ਦੀ ਛੱਤਰ-ਛਾਇਆ ਹੇਠ ਸਿੱਖ ਧਰਮ ਪ੍ਰਫੁੱਲਤ ਹੋਵੇਗਾ ਪ੍ਰੰਤੂ ਰਾਜਨੀਤਕ ਲੋਕਾਂ ਵੱਲੋਂ ਅਜਿਹੇ ਫ਼ੈਸਲੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਭਾਵਨਾ ਦੇ ਉਲਟ ਕਰਕੇ ਉਹ ਲੋਕ ਕੀ ਇਹ ਸਾਬਤ ਕਰਨਾ ਚਾਹੁੰਦੇ ਹਨ ਕਿ ਰਾਜਨੀਤਕ ਲੋਕ ਸਿੱਖ ਧਰਮ ਦੀਆਂ ਪਰੰਪਰਾਵਾਂ ਨੂੰ ਟਿੱਚ ਸਮਝਦੇ ਹਨ? ਮਾਸਟਰ ਤਾਰਾ ਸਿੰਘ ਦੇ ਸਮੇਂ ਤੱਕ ਸਿਆਸਤਦਾਨਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਦੇ ਕੰਮ ਵਿੱਚ ਦਖ਼ਲਅੰਦਾਜ਼ੀ ਨਹੀਂ ਹੋਈ। ਇੱਕ ਕਿਸਮ ਨਾਲ ਰਾਜਨੀਤਕ ਲੋਕ ਸਿੱਖ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਰਹੇ ਹਨ। ਸਾਰੀ ਵਿਚਾਰ ਚਰਚਾ ਤੋਂ ਬਾਅਦ ਇਹ ਮਹਿਸੂਸ ਹੋ ਰਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣੀ ਸੋਚ ਤੇ ਕਾਰਜਸ਼ੈਲੀ ਵਿੱਚ ਤਬਦੀਲੀ ਕਰਨ ਦੀ ਲੋੜ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉਚਤਾ ਬਰਕਰਾਰ ਰੱਖਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਦੀ ਪ੍ਰਣਾਲੀ ਬਣਾਉਣੀ ਚਾਹੀਦੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਲਾਜ਼ਮ ਨਹੀਂ ਹੋਣਾ ਚਾਹੀਦਾ ਤੇ ਉਹ ਸਮੁੱਚੀ ਸਿੱਖ ਸੰਗਤ ਨੂੰ ਜਵਾਬਦੇਹ ਹੋਵੇਗਾ ਨਾ ਕਿ ਸਿਆਸਤਦਾਨਾਂ ਨੂੰ।

# ਪਰਵਾਸੀਆਂ ਨੂੰ ਲੈ ਕੇ ਡੌਨਲਡ ਟਰੰਪ ਨੇ ਇਹ ਕੀਤਾ ਵੱਡਾ ਐਲਾਨ, ਇਲੋਨ ਮਸਕ ਨਾਲ ਮੁਲਾਕਾਤ ਦੌਰਾਨ ਹੋਰ ਕੀ ਕਿਹਾ



ਟਵਿੱਟਰ (ਹੁਣ ਐਕਸ) ਦੇ ਮਾਲਕ ਇਲੋਨ ਮਸਕ ਨੇ ਐਕਸ ਤੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੌਨਲਡ ਟਰੰਪ ਦੀ ਇੰਟਰਵਿਊ ਕੀਤੀ ਹੈ।ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਅਤੇ ਰਿਪਬਲਿਕਨ ਉਮੀਦਵਾਰ ਡੌਨਲਡ ਟਰੰਪ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ਤੇ ਵਾਪਸੀ ਕੀਤੀ ਹੈ।ਉਨ੍ਹਾਂ ਨੇ ਇਲੋਨ ਮਸਕ ਨੂੰ ਲਾਈਵ ਇੰਟਰਵਿਊ ਦਿੱਤਾ, ਜੋ ਕਿ ਤੈਅ ਸਮੇਂ ਤੋਂ ਥੋੜ੍ਹੀ ਦੇਰ ਨਾਲ ਸ਼ੁਰੂ ਹੋਈ। ਮਸਕ ਨੇ ਇਸ ਲਈ ਸਾਈਬਰ ਹਮਲਿਆਂ ਨੂੰ ਜ਼ਿੰਮੇਵਾਰ ਠਹਿਰਾਇਆ।ਦਰਅਸਲ, 6 ਜਨਵਰੀ 2021 ਨੂੰ ਕੈਪੀਟਲ ਹਿੱਲ ਚ ਹੋਏ ਦੰਗਿਆਂ ਤੋਂ ਬਾਅਦ ਟਰੰਪ ਤੇ ਦੋ ਸਾਲ ਲਈ ਇਸ ਪਲੇਟਫਾਰਮ ਤੇ ਪਾਬੰਦੀ ਲਗਾ ਦਿੱਤੀ ਗਈ ਸੀ।ਇਸ ਇੰਟਰਵਿਊ ਵਿੱਚ ਟਰੰਪ ਨੇ ਆਪਣੇ ’ਤੇ ਹੋਏ ਹਮਲੇ, ਕਮਲਾ ਹੈਰਿਸ ਬਾਰੇ, ਪੁਤਿਨ ਨਾਲ ਗੱਲਬਾਤ ਸਣੇ ਕਈ ਗੱਲਾਂ ਦਾ ਜ਼ਿਕਰ ਕੀਤਾ।ਮਸਕ ਨੇ ਆਪਣੀ ਗੱਲਬਾਤ ਦੀ ਸ਼ੁਰੂਆਤ ਟਰੰਪ ’ਤੇ ਹੋਏ ਹਮਲੇ ਵਾਲੀ ਘਟਨਾ ਤੋਂ ਕੀਤੀ।ਇਸਦੇ ਜਵਾਬ ਵਿੱਚ ਟਰੰਪ ਪਹਿਲਾਂ ਹੱਸਣ ਲੱਗੇ ਅਤੇ ਫਿਰ ਉਨ੍ਹਾਂ ਨੇ ਕਿਹਾ, ਇਹ ਸੁਖਾਲਾ ਤਾਂ ਨਹੀਂ ਸੀ।ਜੁਲਾਈ ਵਿੱਚ ਪੈਨਸਿਲਵੇਨੀਆ ਵਿੱਚ ਇੱਕ ਰੈਲੀ ਦੌਰਾਨ ਟਰੰਪ ’ਤੇ ਗੋਲੀ ਚੱਲੀ ਸੀ, ਜਿਸ ਵਿੱਚ ਗੋਲੀ ਟਰੰਪ ਦੇ ਕੰਨ ਨੂੰ ਵਿੰਨਦੀ ਹੋਈ ਚਲੀ ਗਈ ਸੀ।

**‘ਜੇ ਮੈਂ ਰਾਸ਼ਟਰਪਤੀ ਬਣਿਆ ਤਾਂ ਹੋਵੇਗਾ ਵੱਡਾ ਦੇਸ਼ ਨਿਕਾਲਾ’**

ਡੌਨਲਡ ਟਰੰਪ ਨੇ ਪਰਵਾਸ, ਖ਼ਾਸ ਤੌਰ ’ਤੇ ਗ਼ੈਰ-ਕਾਨੂੰਨੀ ਪਰਵਾਸ ਦੀਆਂ ਨੀਤੀਆਂ ਉੱਤੇ ਹਮੇਸ਼ਾ ਸਖ਼ਤ ਰਵੱਈਆ ਅਖ਼ਤਿਆਰ ਕੀਤੀ ਹੈ। ਉਹ ‘ਅਮਰੀਕਨ ਫਸਟ’ ਦਾ ਨਾਅਰਾ ਦਿੰਦੇ ਰਹੇ ਹਨ।ਇੰਟਰਵਿਊ ਵਿੱਚ ਪਰਵਾਸ ਦੇ ਮੁੱਦੇ ’ਤੇ ਗੱਲ ਕਰਦਿਆਂ ਉਨ੍ਹਾਂ ਨੇ ਕਿਹਾ, ਜੇ ਨਵੰਬਰ ਵਿੱਚ ਰਾਸ਼ਟਰਪਤੀ ਬਣਦਾ ਹਾਂ ਤਾਂ ਸਭ ਤੋਂ ਵੱਡੀ ਡੈਪੋਰਟੇਸ਼ ਯਾਨਿ ਦੇਸ਼ ਨਿਕਾਲਾ ਹੋਵੇਗਾ।ਇਸ ਤੋਂ ਇਲਾਵਾ ਟਰੰਪ ਨੇ ਇਹ ਵੀ ਦਾਅਵਾ ਕੀਤਾ ਕਿ ਜਦੋਂ ਉਹਰਾਸ਼ਟਰਪਤੀ ਅਹੁਦੇ ਸਨ ਤਾਂ ਦੱਖਣੀ ਸਰਹੱਦ ’ਤੇ ਹਜ਼ਾਰਾਂ ਮੀਲ ਲੰਬੀ ਕੰਧ ਉਸਾਰੀ ਗਈ ਸੀ।ਹਾਲਾਂਕਿ, ਜਦੋਂ ਬੀਬੀਸੀ ਨੇ ਇਸ ਦੀ ਤਸਦੀਕ ਕੀਤੀ ਤਾਂ ਦੇਖਿਆ ਕਿ ਕੰਧ ਦੀ ਲੰਬਾਈ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਤੁਸੀਂ ਕੀ ਮਾਪ ਰਹੇ ਹੋ, ਪਰ ਭਾਵੇਂ ਤੁਸੀਂ ਨਵੇਂ ਖੰਡਾਂ ਦੇ ਨਾਲ-ਨਾਲ ਬਦਲੇ ਗਏ ਜਾਂ ਮਜ਼ਬੂਤ ਕੀਤੇ ਗਏ ਹਿੱਸਿਆਂ ਨੂੰ ਸ਼ਾਮਲ ਕਰਦੇ ਹੋ ਤਾਂ ਇਸ ਦੀ ਲੰਬਾਈ 500 ਮੀਲ ਤੋਂ ਘੱਟ ਹੈ।ਯੂਐੱਸ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਦੀ ਰਿਪੋਰਟ ਮੁਤਾਬਕ, ਬਾਹਰੀ ਕੁੱਲ ਲੰਬਾਈ 458 ਮੀਲ ਹੈ। ਹਾਲਾਂਕਿ, ਟਰੰਪ ਦੇ ਕਾਰਜਕਾਲ ਦੌਰਾਨ ਸਿਰਫ 85 ਮੀਲ ਦੀ ਕੰਧ ਦੇ ਬਿਲਕੁਲ ਨਵੇਂ ਖੰਡ ਬਣਾਏ ਗਏ ਸਨ।ਬਾਕੀ ਜਾਂ ਤਾਂ ਮੌਜੂਦਾ ਰੁਕਾਵਟਾਂ ਨੂੰ ਬਦਲਿਆ ਗਿਆ ਹੈ ਜਾਂ ਹੋਰ ਮਜ਼ਬੂਤ ਗਿਆ ਹੈ।ਟਰੰਪ ਦੇ ਰਾਸ਼ਟਰਪਤੀ ਵਜੋਂ ਕਾਰਜਕਾਲ ਦੇ ਅੰਤ ਤੱਕ, ਬੀਬੀਸੀ ਨੇ ਸਰਹੱਦੀ ਕੰਧ ਦੀ ਸਥਿਤੀ ਨੂੰ ਦੇਖਿਆ ਹੈ।ਰਾਸ਼ਟਰਪਤੀ ਬਾਈਡਨ ਦੇ ਅਹੁਦਾ ਸਾਂਭਣ ਮਗਰੋਂ ਉਸਾਰੀ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ, ਪਰ ਪਿਛਲੇ ਸਾਲ ਉਨ੍ਹਾਂ ਦੇ ਪ੍ਰਸ਼ਾਸਨ ਨੇ ਇਮੀਗ੍ਰੇਸ਼ਨ ਦੇ ਵਧਦੇ ਪੱਧਰ ਨੂੰ ਰੋਕਣ ਦੀ ਕੋਸ਼ਿਸ਼ ਦੱਖਣੀ ਟੈਕਸਾਸ ਵਿੱਚ ਕੰਧ ਦੇ ਇੱਕ ਹਿੱਸੇ ਨੂੰ ਬਣਾਉਣ ਦੀ ਇਜਾਜ਼ਤ ਦੇ ਦਿੱਤੀ ਸੀ।

**ਮਸਕ ਅਤੇ ਟਰੰਪ ਦੇ ਇੰਟਰਵਿਊ ਵਿਚਾਲੇ ਗੱਲਬਾਤ ਦੇ ਮੁੱਖ ਬਿੰਦੂ**

ਤਕਨੀਕੀ ਸਮੱਸਿਆਵਾਂ ਕਾਰਨ 40 ਮਿੰਟਾਂ ਤੋਂ ਵੱਧ ਸਮੇਂ ਦੀ ਦੇਰੀ ਨਾਲ ਸ਼ੁਰੂ ਹੋਈ ਗੱਲਬਾਤ ਦੇ ਕੁਝ ਅਹਿਮ ਨੁਕਤੇ ਇਸ ਤਰ੍ਹਾਂ ਹਨ- ਟਰੰਪ ਨੇ ਕਿਹਾ ਕਿ ਉਹ ਅਕਤੂਬਰ ਵਿੱਚ ਪੈਨਸਿਲਵੇਨੀਆ ਦੇ ਬਟਲਰ ਵਿੱਚ ਵਾਪਸ ਜਾਣ ਦੀ ਯੋਜਨਾ ਬਣਾ ਰਹੇ ਹਨ, ਜਿੱਥੇ ਉਨ੍ਹਾਂ ’ਤੇ ਪਿਛਲੇ ਮਹੀਨੇ ਹਮਲਾ ਹੋਇਆ ਸੀ। ਉਨ੍ਹਾਂ ਨੇ ਮਸਕ ਨੂੰ ਦੱਸਿਆ ਕਿ ਜੇਕਰ ਉਹ ਨਵੰਬਰ ਵਿੱਚ ਰਾਸ਼ਟਰਪਤੀ ਬਣ ਗਏ ਤਾਂ ਅਮਰੀਕਾ ਵਿੱਚ ਇਤਿਹਾਸ ਵਿੱਚ ਸਭ ਤੋਂ ਵੱਡਾ ਦੇਸ਼ ਨਿਕਾਲਾ ਹੋਵੇਗਾ। ਰਿਪਬਲਿਕਨ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਨੇ ਕਿਹਾ ਕਿ ਉਹ ਦੇਸ਼ ਨੂੰ ਵਿਦੇਸ਼ੀ ਖ਼ਤਰਿਆਂ ਤੋਂ ਬਚਾਉਣ ਲਈ ਆਇਰਨ ਡੋਮ ਰੱਖਿਆ ਪ੍ਰਣਾਲੀ ਬਣਾਉਣਾ ਚਾਹੁੰਦਾ ਹੈ । ਟਰੰਪ ਨੇ ਕਿਹਾ ਕਿ ਉਹ ਸਿੱਖਿਆ ਲਈ ਅਮਰੀਕੀ ਵਿਭਾਗ ਨੂੰ ਬੰਦ ਕਰ ਦੇਣਗੇ ਅਤੇ ÷ਸਿੱਖਿਆ ਨੂੰ ਰਾਜਾਂ ਵਿੱਚ ਵਾਪਸ ਲੈ ਜਾਣਗੇ ਮਸਕ ਨੇ ਟਰੰਪ ਦੀ ਹਮਾਇਤ ਨੂੰ ਦੁੱਗਣਾ ਕਰਦੇ ਹੋਏ ਕਿਹਾ ਕਿ ਉਹ ÷ਆਸ਼ਾਵਾਦੀ ਅਤੇ ਅੱਗੇ ਕੀ ਹੋਵੇਗਾ ਇਸ ਬਾਰੇ ਉਤਸ਼ਾਹਿਤ ਸੀ।ਕਮਲਾ ਹੈਰਿਸ ਦੀ ਮੁਹਿੰਮ ਨੇ ਇੰਟਰਵਿਊ ਦੌਰਾਨ ਸਮਰਥਕਾਂ ਨੂੰ ਇੱਕ ਈਮੇਲ ਵਿੱਚ ਫੰਡ ਇਕੱਠਾ ਕਰਨ ਦੀ ਅਪੀਲ ਭੇਜੀ, ਜਿਸ ਵਿੱਚ ਮਸਕ ਨੂੰ ਟਰੰਪ ਲਈ ਇੱਕ ਕਮੀ ਕਿਹਾ ਗਿਆ।ਅਸੀਂ ਜਲਦੀ ਹੀ ਇਸ ਪੰਨੇ ਨੂੰ ਬੰਦ ਕਰ ਰਹੇ ਹਾਂ, ਸਾਡੀ ਲਾਈਵ ਕਵਰੇਜ ਦੀ ਪਾਲਣਾ ਕਰਨ ਲਈ ਧੰਨਵਾਦ।

**ਕਮਲਾ ਹੈਰਿਸ ’ਤੇ ਕੀ ਬੋਲੇ**

ਇੰਟਰਵਿਊ ਵਿੱਚ ਡੋਨਲਡ ਟਰੰਪ ਨੇ ਡੈਮੋਕ੍ਰੇਟਿਕ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਅਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਬਾਰੇ ਵੀ ਗੱਲ ਕੀਤੀ। ਇਸ ਦੌਰਾਨ ਟਰੰਪ ਨੇ ਕਮਲਾ ਹੈਰਿਸ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਹੈਰਿਸ ਨੇ ਡੈਮੋਕ੍ਰੇਟਿਕ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਬਣਨ ਤੋਂ ਬਾਅਦ ਅਜਿਹੇ ਇੰਟਰਵਿਊ ਨਹੀਂ ਦਿੱਤੇ, ਜਿਵੇਂ ਉਹ ਹੁਣ ਦੇ ਰਹੇ ਹਨ।

**ਆਇਰਨ ਡੋਮ ’ਤੇ ਕੀ ਬੋਲੇ**

ਇਜ਼ਰਾਈਲ ਦੀ ਮਿਜ਼ਾਈਲ ਰੱਖਿਆ ਪ੍ਰਣਾਲੀ ਆਇਰਨ ਡੋਮ ਹਮੇਸ਼ਾ ਇਸ ਲਈ ਸੁਰੱਖਿਆ ਢਾਲ ਰਹੀ ਹੈ।ਟਰੰਪ ਨੇ ਕਿਹਾ, ਸਾਡੇ ਕੋਲ ਆਇਰਨ ਡੋਮ ਕਿਉਂ ਨਹੀਂ ਹਨ ? ਇਜ਼ਰਾਈਲ ਕੋਲ ਹਨ।ਆਇਰਨ ਡੋਮ ਛੋਟੀ ਰੇਂਜ ਦੇ ਹਥਿਆਰਾਂ ਦੇ ਹਮਲਿਆਂ ਨੂੰ ਰੋਕਣ ਵਿੱਚ ਕਾਰਗਰ ਹੈ। ਇਸਨੂੰ 2006 ਵਿੱਚ ਅਮਰੀਕੀ ਸਹਿਯੋਗ ਨਾਲ ਇਜ਼ਰਾਈਲੀ ਕੰਪਨੀਆਂ ਦੁਆਰਾ ਬਣਾਇਆ ਗਿਆ ਸੀ।

**ਪੁਤਿਨ ਅਤੇ ਕਿਮ ਜੋਂਗ ਤੇ ਗੱਲਬਾਤ**

ਟਰੰਪ ਨੇ ਕਿਹਾ ਕਿ ਉਹ ਪੁਤਿਨ ਅਤੇ ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਨੂੰ ਜਾਣਦੇ ਹਨ।ਟਰੰਪ ਨੇ ਕਿਹਾ, ਉਹ ਹੁਸ਼ਿਆਰ ਹਨ। ਜਦੋਂ ਉਹ (ਪੁਤਿਨ ਅਤੇ ਕਿਮ) ਕਮਲਾ ਅਤੇ ਸੁੱਤੇ ਹੋਏ ਜੋ (ਰਾਸ਼ਟਰਪਤੀ ਜੋ ਬਾਇਡਨ) ਨੂੰ ਦੇਖਦੇ ਹਨ, ਤਾਂ ਇਨ੍ਹਾਂ ਨੂੰ ਯਕੀਨ ਨਹੀਂ ਹੁੰਦਾ।ਟਰੰਪ ਨੇ ਅੱਗੇ ਕਿਹਾ ਕਿ ਉਨ੍ਹਾਂ ਨੇ ਪੁਤਿਨ ਨੂੰ ਮਨ੍ਹਾਂ ਕੀਤਾ ਸੀ ਕਿ ਯੂਕਰੇਨ ਤੇ ਹਮਲਾ ਨਾ ਕਰਨ ਪਰ ਪੁਤਿਨ ਨੇ ਗੱਲ ਨਹੀਂ ਸੁਣੀ।

**ਬਾਈਡਨ ਨੂੰ ਜ਼ਿੰਮੇਵਾਰ ਠਹਿਰਾਇਆ**

ਟਰੰਪ ਨੇ ਕਿਹਾ ਕਿ ਜੇਕਰ ਬਾਈਡਨ ਨਾ ਹੁੰਦੇ ਤਾਂ ਰੂਸ, ਯੂਕਰੇਨ ਤੇ ਹਮਲਾ ਨਾ ਕਰਦਾ।ਇਸ ਤੇ ਮਸਕ ਨੇ ਟਰੰਪ ਨੂੰ ਕਿਹਾ ਕਿ ਉਨ੍ਹਾਂ ਨੇ ਸਹੀ ਗੱਲ ਕਹੀ ਹੈ।ਟਰੰਪ ਨੇ ਕਿਹਾ, ਮੇਰੀ ਪੁਤਿਨ ਨਾਲ ਕਾਫੀ ਬਣਦੀ ਹੈ ਅਤੇ ਉਹ ਮੇਰਾ ਸਨਮਾਨ ਕਰਦੇ ਹਨ।ਉਨ੍ਹਾਂ ਨੇ ਇਹ ਵੀ ਕਿਹਾ ਕਿ ਉਹ ਅਕਸਰ ਪੁਤਿਨ ਨਾਲ ਗੱਲ ਕਰਦੇ ਸਨ।ਟਰੰਪ ਨੇ ਦਾਅਵਾ ਕੀਤਾ, ਉਹ (ਯੂਕਰੇਨ) ਉਨ੍ਹਾਂ (ਪੁਤਿਨ) ਦੀ ਅੱਖ ਦਾ ਤਾਰਾ ਸੀ। ਮੈਂ ਉਨ੍ਹਾਂ ਨੂੰ ਅਜਿਹਾ ਨਾ ਕਰਨ ਲਈ ਕਿਹਾ ਸੀ।

**ਤੈਅ ਸਮੇਂ ਤੋਂ ਦੇਰੀ ਨਾਲ ਸ਼ੁਰੂ ਹੋਇਆ ਇੰਟਰਵਿਊ**

ਇਲੋਨ ਮਸਕ ਨੇ ਐਕਸ ਪਲੇਟਫਾਰਮ ’ਤੇ ਲਾਈਵ ਇੰਟਰਵਿਊ ਕੀਤਾ ਹੈ। ਇਹ ਇੰਟਰਵਿਊ ਆਪਣੀ ਤੈਅ ਸਮੇਂ ਤੋਂ ਕਾਫੀ ਦੇਰੀ ਨਾਲ ਸ਼ੁਰੂ ਹੋਇਆ, ਜਿਸ ਲਈ ਮਸਕ ਨੇ ‘ਸਾਈਬਰ ਹਮਲੇ’ ਨੂੰ ਜ਼ਿੰਮੇਵਾਰ ਦੱਸਿਆ।ਮਸਕ ਨੇ ਦਾਅਵਾ ਕੀਤਾ ਹੈ ਕਿ ਕਥਿਤ ਸਾਈਬਰ ਹਮਲੇ ਤੋਂ ਪਤਾ ਲੱਗਦਾ ਹੈ ਕਿ ਟਰੰਪ ਦੀ ਗੱਲ ਸੁਣਨ ਦਾ ਅਮਰੀਕਾ ਵਿੱਚ ਵਿਰੋਧ ਹੈ।ਉਨ੍ਹਾਂ ਨੇ ਕਿਹਾ ਕਿ ਇੰਟਰਵਿਊ ਗ਼ੈਰ ਰਸਮੀ ਹੋਵੇਗਾ, ਖੁਲ੍ਹੇ ਦਿਮਾਗ਼ ਵਾਲੇ ਆਜ਼ਾਦ ਵੋਟਰਾਂ ਦੀ ਮਦਦ ਕਰਨ ਲਈ ਜੋ ਸਿਰਫ਼ ਆਪਣਾ ਮਨ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ।ਇਸ ਤੋਂ ਪਹਿਲਾਂ ਇਲੋਨ ਨੇ ਐਲਾਨ ਕੀਤਾ ਸੀ ਕਿ ਇੰਟਰਵਿਊ ਬਿਨਾਂ ਕਿਸੇ ਸਕ੍ਰਿਪਟ ਦੇ ਹੋਣ ਵਾਲਾ ਹੈ।

# ਨੀਰਜ, ਅਰਸ਼ਦ ਦੀ ਮਾਂ ਸਰੋਜ ਅਤੇ ਰਜ਼ੀਆ ਨੇ ਭਾਰਤ-ਪਾਕਿਸਤਾਨ ਦੀ ਸਰਹੱਦ ਨੂੰ ਕਿਵੇਂ ਮਿਟਾਇਆ

ਪਾਕਿਸਤਾਨ ਦੀ ‘ਮਰੀਅਮ ਹਯਾਤ ਖ਼ਾਨ’ ਭਾਰਤ ਦੇ ‘ਵੀਰ ਪ੍ਰਤਾਪ ਸਿੰਘ’ ਤੋਂ ਫਿਲਮ ‘ਵੀਰ ਜ਼ਾਰਾ’ ਵਿੱਚ ਪੁੱਛਦੀ ਹੈ— ਕੀ ਤੇਰੇ ਮੁਲਕ ਦਾ ਹਰ ਪੁੱਤ ਤੇਰੇ ਵਰਗਾ ਹੈ ?ਇਹ ਤਾਂ ਨਹੀਂ ਪਤਾ। ਪਰ ਹਾਂ, ਮੇਰੇ ਦੇਸ਼ ਦੀ ਹਰ ਮਾਂ ਤੁਹਾਡੇ ਵਰਗੀ ਜ਼ਰੂਰ ਹੈ।ਉਹ ਦ੍ਰਿਸ਼ ਕਿੰਨੇ ਸੋਹਣੇ ਹੁੰਦੇ ਹਨ, ਜਦੋਂ ਫਿਲਮਾਂ ਦੇ ਅਕਾਲਪਨਿਕ ਜਿਹੇ ਲੱਗਣ ਵਾਲੇ ਸੀਨ ਸੱਚਾਈ ਬਣ ਜਾਂਦੇ ਹਨ।ਜਦੋਂ ਮਹਿਜ਼ 550 ਕਿਲੋਮੀਟਰ ਦੂਰ ਦੋ ਮਾਵਾਂ ਆਪਣੀਆਂ ਗੱਲਾਂ ਨਾਲ ਸਾਬਤ ਕਰ ਦਿੰਦੀਆਂ ਹਨ ਕਿ ਮੁਲਕ ਭਾਵੇਂ ਵੱਖ ਹੋਣ, ਪਰ ਮਾਵਾਂ ਇੱਕੋ ਜਿਹੀਆਂ ਹੁੰਦੀਆਂ ਹਨ।ਫਿਰ ਭਾਵੇਂ ਉਹ ਪਾਕਿਸਤਾਨ ਦਾ ਮੀਆਂ ਚੰਨੂੰ ਇਲਾਕਾ ਹੋਵੇ ਜਾਂ ਫਿਰ ਭਾਰਤ ਦਾ ਪਾਣੀਪਤ।ਇਹ ਕਹਾਣੀ ਸਿਰਫ਼ ਸਰੋਜ ਦੇਵੀ ਦੇ ਪੁੱਤਰ ਨੀਰਜ ਚੋਪੜਾ ਅਤੇ ਰਜ਼ੀਆ ਪਰਵੀਨ ਦੇ ਬੇਟੇ ਅਰਸ਼ਦ ਨਦੀਮ ਦੀ ਨਹੀਂ ਹੈ।ਕੁਝ ਦੂਰੀਆਂ ਅਜਿਹੀਆਂ ਵੀ ਹੁੰਦੀਆਂ ਹਨ ਜੋ ਨਜ਼ਦੀਕੀਆਂ ਨੂੰ ਕਦੇ ਘਟਣ ਨਹੀਂ ਦਿੰਦੀਆਂ। ਇਹ ਕਹਾਣੀ ਉਨ੍ਹਾਂ ਦੂਰੀਆਂ ਦੀ ਵੀ ਹੈ।

**ਖੇਡੇ ਪੁੱਤ ਪਰ ਮਾਵਾਂ ਨੇ ਦਿਖਾਈ ਖੇਡ ਭਾਵਨਾ**

ਅੱਠ-ਨੌਂ ਅਗਸਤ 2024 ਦੀ ਦਰਮਿਆਨੀ ਰਾਤ।ਪੈਰਿਸ ਓਲੰਪਿਕ ਵਿੱਚ ਨੇਜਾ ਸੁੱਟਣ ਤੋਂ ਪਹਿਲਾਂ ਕਰੀਬ 30 ਤੋਂ 36 ਮੀਟਰ ਭੱਜਣਾ ਪੈਂਦਾ ਹੈ।ਇਸ ਦੌੜ ਦੇ ਦੌਰਾਨ ਉਂਝ ਤਾਂ ਕਰੋੜਾਂ ਲੋਕਾਂ ਦੇ ਸਾਹ ਉੱਪਰ-ਹੇਠ ਹੋ ਰਹੇ ਸਨ।ਪਰ ਦੋ ਘਰਾਂ ਵਿੱਚ ਪਾਬੰਦੀਆਂ ਦੇ ਬਾਵਜੂਦ ਕੁਝ ਦਿਲ ਕੁਝ ਜ਼ਿਆਦਾ ਹੀ ਤੇਜ਼ੀ ਨਾਲ ਧੜਕ ਰਹੇ ਸਨ।ਇਹ ਧੜਕਣਾਂ ਉਦੋਂ ਕੁਝ ਸ਼ਾਂਤ ਹੋਈਆਂ ਜਦੋਂ ਪਾਕਿਸਤਾਨ ਦੇ ਜੈਵਲਿਨ ਥ੍ਰੋਅਰ ਅਰਸ਼ਦ ਨਦੀਮ ਨੇ 92.57 ਮੀਟਰ ਅਤੇ ਭਾਰਤ ਦੇ ਨੀਰਜ ਚੋਪੜਾ ਨੇ 89.45 ਮੀਟਰ ਦੂਰ ਭਾਲਾ ਸੁੱਟਿਆ।ਅਰਸ਼ਦ ਨੂੰ ਗੋਲਡ ਮਿਲਿਆ ਅਤੇ ਨੀਰਜ ਨੂੰ ਸਿਲਵਰ। ਪਰ ਇਸੇ ਬਹਾਨੇ ਭਾਰਤ ਨੂੰ ਮਿਲੀ ਰਜ਼ੀਆ ਪਰਵੀਨ ਅਤੇ ਪਾਕਿਸਤਾਨ ਨੂੰ ਮਿਲੀ ਸਰੋਜ ਦੇਵੀ।ਕਾਗਜ਼ਾਂ ਵਿੱਚ ਪੱਕਾ ਲਿਖਿਆ ਹੋਵੇਗਾ— ਰਜ਼ੀਆ ਪਰਵੀਨ ਦੇ ਪੁੱਤਰ



ਅਰਸ਼ਦ ਨਦੀਮ, ਸਰੋਜ ਦੇਵੀ ਦੇ ਪੁੱਤਰ ਨੀਰਜ ਚੋਪੜਾ।ਪਰ ਜਦੋਂ ਇਹੀ ਸਵਾਲ ਇਨ੍ਹਾਂ ਦੀਆਂ ਮਾਵਾਂ ਨੂੰ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਕਿਹਾ— ਜਿਵੇਂ ਇਹ ਮੇਰਾ ਪੁੱਤਰ ਹੈ, ਉਵੇਂ ਹੀ ਉਹ ਮੇਰਾ ਪੁੱਤਰ ਹੈ।ਸਰੋਜ ਦੇਵੀ ਨੇ ਕਿਹਾ, ਸਾਡਾ ਤਾਂ ਸਿਲਵਰ ਹੀ ਸੋਨੇ ਵਰਗਾ ਹੈ- ਜਿਵੇਂ ਇਹ ਮੇਰਾ ਪੁੱਤਰ ਹੈ, ਉਵੇਂ ਹੀ ਉਹ ਮੇਰਾ ਪੁੱਤਰ ਹੈ।ਦੂਜੇ ਪਾਸੇ ਰਜ਼ੀਆ ਨੇ ਕਿਹਾ, ਉਹ ਮੇਰੇ ਪੁੱਤਰ ਵਰਗਾ ਹੈ। ਉਹ ਨਦੀਮ ਦਾ ਦੋਸਤ ਹੈ ਅਤੇ ਭਾਈ ਵੀ ਹੈ। ਹਾਰ ਅਤੇ ਜਿੱਤ ਕਿਸਮਤ ਦੀ ਹੁੰਦੀ ਹੈ। ਉਹ ਵੀ ਮੇਰਾ ਪੁੱਤਰ ਹੈ ਅਤੇ ਅੱਲ੍ਹਾ ਉਸ ਨੂੰ ਵੀ ਕਾਮਯਾਬ ਕਰੇ। ਉਸ ਨੂੰ ਵੀ ਮੈਡਲ ਜਿੱਤਣ ਦੀ ਤੌਫ਼ੀਕ ਅਦਾ ਕਰੇ।

**‘ਭਾਰਤ ਬਨਾਮ ਪਾਕ’ ਬਣਿਆ ‘ਭਾਰਤ ਨਾਲ ਪਾਕ’**

ਹੁਣ ਜਿਨ੍ਹਾਂ ਦੀਆਂ ਮਾਵਾਂ ਇੰਨਾ ਪਿਆਰਾ ਬੋਲਣਗੀਆਂ, ਉਨ੍ਹਾਂ ਦੇ ਪੁੱਤਰ ਜਦੋਂ ਬੋਲਣਗੇ ਤਾਂ ਉਹ ਕਿੰਨਾ ਮਿੱਠਾ ਬੋਲਣਗੇ... ਅਰਸ਼ਦ ਨਦੀਮ ਨੇ ਗੋਲਡ ਜਿੱਤ ਕੇ ਕਿਹਾ, ਮੈਂ ਆਪਣਾ ਪਹਿਲਾ ਮੁਕਾਬਲਾ 2016 ਵਿੱਚ ਗੁਹਾਟੀ ਵਿੱਚ ਨੀਰਜ ਭਰਾ ਨਾਲ ਖੇਡਿਆ। ਉਦੋਂ ਪਤਾ ਲੱਗਿਆ ਕਿ ਨੀਰਜ ਚੋਪੜਾ ਭਰਾ ਜਿੱਤਦੇ ਆ ਰਹੇ ਹਨ। ਉੱਥੇ ਮੈਂ ਪਹਿਲੀ ਵਾਰ ਪਾਕਿਸਤਾਨ ਦਾ ਰਿਕਾਰਡ ਤੋੜਿਆ। ਉੱਥੋਂ ਮੈਨੂੰ ਸ਼ੌਂਕ ਪਿਆ ਕਿ ਮਿਹਨਤ ਕਰਾਂਗਾ ਤਾਂ ਅੱਗੇ ਜਾ ਸਕਦਾ ਹਾਂ।ਇੱਕ ਪਾਸੇ ਅਰਸ਼ਦ ਨਦੀਮ ਦੀ ਸਿਫ਼ਤ ਕਰ ਰਹੇ ਸਨ। ਦੂਜੇ ਪਾਸੇ ਨੀਰਜ ਅਰਸ਼ਦ ਦੀ ਮਿਹਨਤ ਦਾ ਮੁੱਲ ਪਾ ਰਹੇ ਸਨ।ਨੀਰਜ ਚੋਪੜਾ ਨੇ ਕਿਹਾ, ਕਿਸੇ ਖਿਡਾਰੀ ਦਾ ਦਿਨ ਹੁੰਦਾ ਹੈ। ਅੱਜ ਅਰਸ਼ਦ ਦਾ ਦਿਨ ਸੀ। ਖਿਡਾਰੀ ਦਾ ਸਰੀਰ ਉਸ ਦਿਨ ਵੱਖਰਾ ਹੀ ਹੁੰਦਾ ਹੈ। ਹਰ ਚੀਜ਼ ਪਰਫੈਕਟ ਹੁੰਦੀ ਹੈ, ਜਿਵੇਂ ਅੱਜ ਅਰਸ਼ਦ ਦਾ ਸੀ। ਟੋਕੀਓ, ਬੁਡਾਪੇਸਟ ਅਤੇ ਏਸ਼ੀਅਨ ਗੇਮਜ਼ ਵਿੱਚ ਆਪਣਾ ਦਿਨ ਸੀ। .ਪਿਓ ਸਿਫ਼ਤ ਕਰੇਗਾ ਤਾਂ ਪਿਤਾ ਕਿੱਥੇ ਪਿੱਛੇ ਰਹਿਣਗੇ।ਨੀਰਜ ਦੇ ਪਿਤਾ ਸਤੀਸ਼ ਚੋਪੜਾ ਨੇ ਵੀ ਕਿਹਾ, ਇਸ ਵਾਰ ਗੋਲਡ ਮੈਡਲ ਪਾਕਿਸਤਾਨ ਦੇ ਅਰਸ਼ਦ ਨਦੀਮ ਨੇ ਜਿੱਤਿਆ। ਉਨ੍ਹਾਂ ਨੇ ਕਾਫ਼ੀ ਮਿਹਨਤ ਕੀਤੀ ਹੈ ਜੋ ਇੰਨਾ ਸਕੋਰ ਕੀਤਾ ਹੈ ਕਿ ਕੋਈ ਖਿਡਾਰੀ ਉਸ ਨੂੰ ਪਾਰ ਨਹੀਂ ਕਰ ਸਕਿਆ।ਨੀਰਜ ਨੇ ਜਦੋਂ ਪੀਐੱਮ ਮੋਦੀ ਨਾਲ ਫੋਨ ਉੱਤੇ ਗੱਲ ਕੀਤੀ ਤਾਂ ਪੀਐੱਮ ਨੇ ਇਸੇ ਬਾਰੇ ਪੁੱਛਿਆ।ਪੀਐੱਮ ਨੇ ਨੀਰਜ ਨੂੰ ਪੁੱਛਿਆ, ਤੁਹਾਡੀ ਮਾਂ ਖੇਡਣ-ਕੁੱਦਣ ਵਿੱਚ ਸੀ ਕੀ ? ਤੁਹਾਡੀ ਮਾਂ ਨੇ ਇੰਟਰਵਿਊ ਵਿੱਚ ਜੋ ਕਿਹਾ, ਖੇਡ ਪਰਿਵਾਰ ਦੀ ਜੋ ਭਾਵਨਾ ਹੁੰਦੀ ਹੈ, ਬਹੁਤ ਵਧੀਆ ਤਰੀਕੇ ਨਾਲ ਉਨ੍ਹਾਂ ਨੇ ਕਿਹਾ, ਮੈਂ ਵਧਾਈ ਦਿੰਦਾ ਹਾਂ।ਜਦੋਂ ਇਹ ਗੱਲ ਅਰਸ਼ਦ ਕੋਲ ਪਹੁੰਚੀ ਤਾਂ ਉਹ ਬੋਲੇ, ਮਾਵਾਂ ਜੋ ਹੁੰਦੀਆਂ ਹਨ। ਸਾਰਿਆਂ ਦੀਆਂ ਇੱਕ ਹੀ ਹੁੰਦੀਆਂ ਹਨ। ਬਹੁਤ ਖੁਸ਼ੀ ਹੁੰਦੀ ਹੈ ਕਿ ਸਾਨੂੰ ਅਜਿਹੀਆਂ ਮਾਵਾਂ ਮਿਲੀਆਂ ਹਨ ਜੋ ਸਾਡੇ ਲਈ ਦੁਆਵਾਂ ਕਰਦੀਆਂ ਹਨ।ਸ਼ੋਏਬ ਅਖ਼ਤਰ ਅਕਸਰ ਭਾਰਤ ਵਿੱਚ ਕਿਸੇ ਵਿਵਾਦ ਕਾਰਨ ਯਾਦ ਕੀਤੇ ਜਾਂਦੇ ਹਨ, ਖਾਸ ਕਰਕੇ ਕ੍ਰਿਕਟ ਨਾਲ ਜੁੜੇ। ਪਰ ਇਸ ਵਾਰ ਇਸ ਤਿੱਖੇ ਨੇਜੇ ਨੇ ਅਜਿਹਾ ਖੇਡ ਖੇਡਿਆ ਕਿ ਸ਼ੋਇਬ ਨੇ ਵੀ ਕਿਹਾ— ਇਹ ਗੱਲ ਸਿਰਫ਼ ਮਾਂ ਹੀ ਕਹਿ ਸਕਦੀ ਹੈ।ਮਹਿਸੂਸ ਹੋਇਆ ਕਿ ਭਾਰਤ, ਪਾਕਿਸਤਾਨ ਦੇ ਵਿਚਾਲੇ ਅਕਸਰ ਫੈਲਦੀ ਨਫਰਤੀ ਆਕਸੀਜ਼ਨ ਨੂੰ ਬੰਦ ਕਰਨਾ ਇੰਨਾ ਵੀ ਮੁਸ਼ਕਿਲ ਕੰਮ ਨਹੀਂ ਹੈ।ਫਿਰ ਸੋਸ਼ਲ ਮੀਡੀਆ ਉੱਤੇ ਝਾਤ ਮਾਰ ਤਾਂ ਦੇਖਿਆ ਕਿ ਇੱਧਰਲੇ ਲੋਕ ਉੱਧਰ ਪਿਆਰ ਭੇਜ ਰਹੇ ਹਨ ਅਤੇ ਉੱਧਰਲੇ ਲੋਕ ਇੱਧਰ। ਭਾਰਤ-ਪਾਕਿਸਤਾਨ ਦੇ ਜੋ ਲੋਕ ਅਕਸਰ ਗੁੱਸੇ ਦੀਆਂ ਇਮੋਜੀਆਂ ਸਾਂਝੀਆਂ ਕਰਦੇ ਹਨ ਉਹ ਹੁਣ ਦਿਲ ਦੀਆਂ ਇਮੋਜੀ ਭੇਜ ਰਹੇ ਸਨ।ਇਹ ਗੱਲਾਂ ਇੱਕ ਭਾਰਤ-ਪਾਕਿਸਤਾਨ ਦੀ ਨਾਗਰਿਕਤਾ ਵਾਲੇ ਕੁਝ ਇਨਸਾਨ ਇੱਕ-ਦੂਜੇ ਬਾਰੇ ਕਰ ਰਹੇ ਸਨ।ਪਰ ਅਜਿਹਾ ਪਹਿਲੀ ਵਾਰ ਨਹੀਂ ਹੋਇਆ।

**ਅਰਸ਼ਦ ਅਤੇ ਨੀਰਜ ਦੀ ਦੋਸਤੀ**

ਕਈ ਮੌਕੇ ਰਹੇ ਜਦੋਂ ਨੀਰਜ ਅਤੇ ਅਰਸ਼ਦ ਇੱਕ ਦੂਜੇ ਦੇ ਮੁਕਾਬਲੇ ਵਿੱਚ ਹੁੰਦਿਆਂ ਵੀ ਇੱਕ ਦੂਜੇ ਦੇ ਦੋਸਤ ਨਜ਼ਰ ਆਏ।ਪੈਰਿਸ ਓਲੰਪਿਕ ਦੇ ਮੈਚ ਦੌਰਾਨ, ਨੀਰਜ ਅਤੇ ਅਰਸ਼ਦ ਹੱਥ ਮਿਲਾਉਂਦੇ ਅਤੇ ਇੱਕ ਦੂਜੇ ਨੂੰ ਗ਼ਲ ਨਾਲ ਲਾਉਂਦੇ ਨਜ਼ਰ ਆਏ।ਪਿਛਲੇ ਸਾਲ 2023 ਵਿੱਚ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ ਨੀਰਜ ਨੇ ਗੋਲਡ ਜਿੱਤਿਆ ਸੀ ਅਤੇ ਅਰਸ਼ਦ ਨੇ ਸਿਲਵਰ।ਇਨ੍ਹਾਂ ਦੋਵਾਂ ਖਿਡਾਰੀਆਂ ਦੇ ਖੇਡ ਜੀਵਨ ਨੂੰ ਦੇਖੀਏ ਤਾਂ ਜ਼ਿਆਦਾਤਰ ਮੌਕਿਆਂ ਉੱਤੇ ਇਨ੍ਹਾਂ ਵਿੱਚੋਂ ਕੋਈ ਪਹਿਲੇ ਨੰਬਰ ਉੱਤੇ ਆਉਂਦਾ ਹੈ ਅਤੇ ਦੂਜੇ ਨੰਬਰ ਉੱਤੇ।

# ਪੰਜਾਬ ਸਣੇ ਭਾਰਤ ਦੇ ਪ੍ਰਮੁੱਖ ਸ਼ਹਿਰਾਂ ਚ ਮਹਿਲਾ ਸਿਹਤ ਕਰਮੀ ਰਾਤ ਦੀ ਡਿਊਟੀ ਦੌਰਾਨ ਕਿਹੋ ਜਿਹੇ ਹਾਲਾਤ ਦਾ ਸਾਹਮਣਾ ਕਰਦੀਆਂ

ਕੋਲਕਾਤਾ ਦੇ ਆਰਜੀ ਕਾਰ ਮੈਡੀਕਲ ਕਾਲਜ ਵਿੱਚ ਨਾਈਟ ਸ਼ਿਫਟ ਵਿੱਚ ਕੰਮ ਕਰਦੇ ਹੋਏ ਦੂਜੇ ਸਾਲ ਦੀ ਮੈਡੀਕਲ ਵਿਦਿਆਰਥਣ ਨਾਲ ਬਲਾਤਕਾਰ ਅਤੇ ਕਤਲ ਮਗਰੋਂ ਭਾਰਤ ਦੇ ਚੋਟੀ ਦੇ ਸ਼ਹਿਰਾਂ ਵਿੱਚ ਡਾਕਟਰਾਂ ਅਤੇ ਮੈਡੀਕਲ ਵਿਦਿਆਰਥੀਆਂ ਵੱਲੋਂ ਵਿਰੋਧ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਗਿਆ ਹੈ।ਦਿੱਲੀ, ਮੁੰਬਈ, ਕੋਲਕਾਤਾ ਅਤੇ ਹੋਰ ਸ਼ਹਿਰਾਂ ਦੇ ਹਸਪਤਾਲਾਂ ਦੇ ਡਾਕਟਰਾਂ ਨੇ ਕਿਹਾ ਹੈ ਕਿ ਉਹ ਬਲਾਤਕਾਰ ਅਤੇ ਕਤਲ ਕੇਸ ਦੀ ਜਾਂਚ ਪੂਰੀ ਹੋਣ ਤੱਕ ਸਿਹਤ ਸੇਵਾਵਾਂ ਨੂੰ ਬੰਦ ਰੱਖਣਗੇ।ਉਨ੍ਹਾਂ ਨੇ ਕੰਮ ਵਾਲੀ ਥਾਂ ਤੇ ਸਿਹਤ ਮੁਲਾਜ਼ਮਾਂ ਖ਼ਾਸ ਤੌਰ ਤੇ ਔਰਤਾਂ ਦੀ ਸੁਰੱਖਿਆ ਲਈ ਪੂਰੀ ਅਤੇ ਨਿਰਪੱਖ ਜਾਂਚ ਅਤੇ ਸੰਘੀ ਕਾਨੂੰਨ ਦੀ ਮੰਗ ਕੀਤੀ ਹੈ।ਲੈਂਸਟ ਦੀ ਇੱਕ ਰਿਪੋਰਟ ਮੁਤਾਬਕ, 2007 ਤੋਂ 2019 ਤੱਕ ਭਾਰਤ ਵਿੱਚ (ਸਿਹਤ ਸੰਭਾਲ ਕਾਮਿਆਂ) ਦੇ ਵਿਰੁੱਧ ਹਿੰਸਕ ਹਮਲਿਆਂ ਦੀਆਂ 153 ਘਟਨਾਵਾਂ ਵਾਪਰੀਆਂ, ਜੋ ਰਿਪੋਰਟ ਹੋਈਆਂ।ਇਸ ਰਿਪੋਰਟ ਵਿੱਚ ਲਿਖਿਆ ਗਿਆ ਹੈ, ਵੀਏਐੱਸਸੀਡਬਲਿਊ (ਸਿਹਤ ਸੰਭਾਲ ਕਰਮਚਾਰੀਆਂ ਦੇ ਵਿਰੁੱਧ ਹਿੰਸਾ) ਉੱਤੇ ਚੱਲ ਰਹੀ ਨਿਗਰਾਨੀ ਮੁਤਾਬਕ ਇੰਡੀਆ ਵਿੱਚ ਇਨਸਕਿਓਰਿਟੀ ਇਨਸਾਈਟ ਦੌਰਾਨ 2020 ਵਿੱਚ 225 ਅਤੇ 2021 ਵਿੱਚ 110 ਘਟਨਾਵਾਂ ਸਾਹਮਣੇ ਆਈਆਂ, ਇਨ੍ਹਾਂ ਘਟਨਾਵਾਂ ਵਿੱਚ ਜ਼ਮੀਨੀ ਪੱਧਰ ਦੇ ਮੁੱਢਲੇ ਕਾਮਿਆਂ ਤੋਂ ਲੈ ਕੇ ਹਸਪਤਾਲਾਂ ਵਿੱਚ ਜੂਨੀਅਰ ਡਾਕਟਰਾਂ ਤੱਕ ਨੂੰ ਨਿਸ਼ਾਨਾਂ ਬਣਾਇਆ ਗਿਆ।ਰਿਪੋਰਟ ਵਿੱਚ ਇੱਕ 2020 ਫੈਡਰਲ ਕਾਨੂੰਨ, ਮਹਾਂਮਾਰੀ ਰੋਗ (ਸੋਧ) ਦੀ ਮੌਜੂਦਗੀ ਬਾਰੇ ਦੱਸਿਆ ਗਿਆ ਹੈ, ਜੋ ਹੈੱਲਥਕੇਅਰ ਕਾਮਿਆਂ ਦੇ ਵਿਰੁੱਧ ਹਿੰਸਾ ਨੂੰ ਸਜ਼ਾ ਦਿੰਦਾ ਹੈ।ਬੀਬੀਸੀ ਦੇ ਪੱਤਰਕਾਰਾਂ ਨੇ ਪੂਰੇ ਭਾਰਤ ਦੇ ਕੁਝ ਚੋਟੀ ਦੇ ਅਤੇ ਨਾਮਵਰ ਸਰਕਾਰੀ ਹਸਪਤਾਲਾਂ ਦਾ ਦੌਰਾ ਕੀਤਾ।ਸਾਡੇ ਪੱਤਰਕਾਰਾਂ ਨੇ ਮਹਿਲਾ ਸਿਹਤ ਕਾਮਿਆਂ ਨਾਲ ਗੱਲਬਾਤ ਕੀਤੀ ਅਤੇ ਰਾਤ ਦੀਆਂ ਸ਼ਿਫਟਾਂ ਦੌਰਾਨ ਉਨ੍ਹਾਂ ਦੇ ਡਰ ਅਤੇ ਸੁਰੱਖਿਆ ਬਾਰੇ ਤੌਖ਼ਲਿਆਂ ਨੂੰ ਜਾਣਿਆ।




**ਚੰਡੀਗੜ੍ਹ : ਅਸੀਂ ਨਿਆਂ ਚਾਹੁੰਦੇ ਹਾਂ**

**ਸਰਬਜੀਤ ਸਿੰਘ ਧਾਲੀਵਾਲ**

ਪੋਸਟ ਗ੍ਰੈਜੂਏਟ ਇੰਸਟੀਚਿਊਟ ਆਫ਼ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ (ਪੀਜੀਆਈ) ਵਿਖੇ ਰੈਜ਼ੀਡੈਂਟ ਡਾਕਟਰਾਂ ਦੇ ਇਨਸਾਫ਼ ਦੀ ਮੰਗ ਨੂੰ ਲੈ ਕੇ ਹੜਤਾਲ ਜਾਣ ਤੋਂ ਬਾਅਦ ਸੇਵਾਵਾਂ ਪ੍ਰਭਾਵਿਤ ਹੋਈਆਂ।ਮੈਂ 11 ਵਜੇ ਦੇ ਕਰੀਬ ਕੈਂਪਸ ਗਿਆ।ਟਰੌਮਾ ਸੈਂਟਰ ਦੇ ਬਾਹਰ ਦੋ ਸੁਰੱਖਿਆ ਗਾਰਡ ਸਨ। ਉਹ ਮਰੀਜ਼ਾਂ ਅਤੇ ਮੁਲਾਕਾਤੀਆਂ ਦੇ ਵੇਰਵੇ ਅਤੇ ਆਈਡੀ ਪੁੱਛ ਰਹੇ ਸਨ।ਮੇਨ ਗੇਟ ਤੇ ਚੰਡੀਗੜ੍ਹ ਪੁਲਿਸ ਦੁਆਰਾ ਚਲਾਇਆ ਜਾਂਦਾ ਹੈਲਪ ਸੈਂਟਰ ਹੈ। ਮਹਿਲਾ ਅਧਿਕਾਰੀ ਡਿਊਟੀ ਤੇ ਸਨ।ਵਾਰਡ ਦੇ ਅੰਦਰ ਡਾਕਟਰ, ਨਰਸਾਂ ਅਤੇ ਪ੍ਰਾਈਵੇਟ ਸੁਰੱਖਿਆ ਗਾਰਡ ਸਨ। ਟਰੌਮਾ ਸੈਂਟਰ ਦੇ ਨੇੜੇ, ਇੱਕ ਬੈਨਰ ਲਿਖਿਆ ਹੋਇਆ ਸੀ- ਸਾਨੂੰ ਇਨਸਾਫ ਚਾਹੀਦਾ ਹੈ।ਡਾਕਟਰ ਪੂਜਾ ਜੋ ਕਿ ਬੰਗਲੂਰੂ ਦੇ ਰਹਿਣ ਵਾਲੇ ਹਨ ਅਤੇ ਪੀਜੀਆਈ ਵਿੱਚ ਕੰਮ ਕਰਦੇ ਹਨ, ਉਨ੍ਹਾਂ ਨੇ ਕਿਹਾ ਕਿ ਕੈਂਪਸ ਹੋਰ ਸ਼ਹਿਰਾਂ ਦੇ ਮੁਕਾਬਲੇ ਵਧੇਰੇ ਸੁਰੱਖਿਅਤ ਹੈ।ਪਰ ਉਨ੍ਹਾਂ ਦੇ ਮਾਪੇ ਵੀ ਚਿੰਤਤ ਹਨ।ਡਾਕਟਰ ਪੂਜਾ ਨੇ ਦਾਅਵਾ ਕੀਤਾ ਕਿ ਅਜਿਹੀਆਂ ਘਟਨਾਵਾਂ ਵਾਪਰੀਆਂ ਜਦੋਂ ਮਰੀਜ਼ ਦੇ ਪਰਿਵਾਰ ਵੱਲੋਂ ਡਾਕਟਰਾਂ ਤੇ ਹਮਲਾ ਕੀਤਾ ਗਿਆ,ਪਰ ਸੁਰੱਖਿਆ ਅਮਲੇ ਦੀ ਚੌਕਸੀ ਕਾਰਨ ਬਚਾਅ ਹੋਇਆ।ਚੰਡੀਗੜ੍ਹ ਦੇ ਨਾਲ ਲੱਗਦਾ ਹੈ ਪੰਜਾਬ ਦਾ ਮੋਹਾਲੀ ਸ਼ਹਿਰ ਹੈ। ਇੱਥੇ ਡਾਕਟਰ ਗਗਨਦੀਪ ਸਿੰਘ ਸਰਕਾਰੀ ਹਸਪਤਾਲ ਵਿੱਚ ਕੰਮ ਕਰਦੇ ਹਨ ਅਤੇ ਕਹਿੰਦੇ ਹਨ ਕਿ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਨਹੀਂ ਹਨ।6 ਅਗਸਤ ਨੂੰ ਪਟਿਆਲਾ ਨੇੜੇ ਇੱਕ ਮਰੀਜ਼ ਦੇ ਪਰਿਵਾਰ ਵੱਲੋਂ ਬਾਲ ਰੋਗਾਂ ਦੇ ਮਾਹਿਰ ਤੇ ਹਮਲਾ ਕੀਤਾ ਗਿਆ ਸੀ।ਡਾਕਟਰ ਗਗਨਦੀਪ ਸਿੰਘ ਕਹਿੰਦੇ ਹਨ, ਪੁਲਿਸ ਨੇ ਕੇਸ ਦਰਜ ਕਰ ਲਿਆ ਹੈ। ਹਸਪਤਾਲ ਵਿੱਚ ਕੋਈ ਸੁਰੱਖਿਆ ਨਹੀਂ ਸੀ।ਅਥਾਰਟੀ ਦਾ ਜਵਾਬ: ਪੀਜੀਆਈ ਦੇ ਜਾਇੰਟ ਮੈਡੀਕਲ ਸੁਪਰਡੈਂਟ ਡਾਕਟਰ ਪੰਕਜ ਅਰੋੜਾ ਨੇ ਬੀਬੀਸੀ ਨੂੰ ਦੱਸਿਆ ਕਿ ਹਸਪਤਾਲ ਵਿੱਚ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਅਤੇ ਸੀਸੀਟੀਵੀ ਕੈਮਰੇ ਹਨ। ਡਾਕਟਰਾਂ ਦੀਆਂ ਚਿੰਤਾਵਾਂ, ਜੇ ਕੋਈ ਹਨ ਉਨ੍ਹਾਂ ਸਹੀ ਢੰਗ ਨਾਲ ਹੱਲ ਕੀਤਾ ਜਾਵੇਗਾ।

**ਦਿੱਲੀ - ਅਸੀਂ ਅਕਸਰ ਮਰੀਜ਼ਾਂ ਦੇ ਨਾਲ ਆਏ ਸ਼ਰਾਬੀ ਲੋਕਾਂ ਨਾਲ ਨਜਿੱਠਦੇ ਹਾਂ...**

**ਉਮੰਗ ਪੋਦਾਰ ਦੁਆਰਾ**

ਲੋਕ ਨਾਇਕ ਹਸਪਤਾਲ, ਜੀਬੀ ਪੰਤ ਹਸਪਤਾਲ ਅਤੇ ਲੇਡੀ ਹਾਰਡਿੰਗ ਕਾਲਜ ਦਿੱਲੀ ਚੋਟੀ ਦੇ ਹਸਪਤਾਲ ਹਨ। ਇਹ ਦਿੱਲੀ ਦੇ ਕੇਂਦਰ ਵਿੱਚ ਸਥਿਤ ਹਨ- ਪਹਿਲੇ ਦੋ ਹਸਪਤਾਲ ਦਿੱਲੀ ਸਰਕਾਰ ਦੇ ਅਧੀਨ ਚਲਦੇ ਹਨ ਜਦੋਂ ਕਿ ਤੀਜਾ ਕੇਂਦਰ ਸਰਕਾਰ ਵੱਲੋਂ ਚਲਾਇਆ ਜਾਂਦਾ ਹੈ।ਇੱਕ ਸੀਨੀਅਰ ਰੈਜ਼ੀਡੈਂਟ ਡਾਕਟਰ ਨੇ ਸ਼ਿਕਾਇਤ ਕਰਦਿਆਂ ਕਿਹਾ, ਲੋਕ ਨਾਇਕ ਹਸਪਤਾਲ ਵਿੱਚ, ਦਾਖ਼ਲੇ ਵਾਲੇ ਗੇਟ ਤੇ ਮੈਟਲ ਡਿਟੈਕਟਰ ਸਨ, ਪਰ ਉਹ ਕੰਮ ਨਹੀਂ ਕਰ ਰਹੇ ਹਨ। ਕੋਈ ਵੀ ਅੰਦਰ ਜਾ ਸਕਦਾ ਹੈ।ਤਿੰਨੋਂ ਹਸਪਤਾਲਾਂ ਵਿੱਚ ਸੀਸੀਟੀਵੀ ਕੈਮਰੇ ਲੱਗੇ ਹੋਏ ਹਨ, ਪਰ ਡਾਕਟਰ ਹੋਰ ਚਾਹੁੰਦੇ ਸਨ।ਲੋਕ ਨਾਇਕ ਹਸਪਤਾਲ ਦੀ ਇੱਕ ਨਰਸ ਨੇ ਦੱਸਿਆਂ, ਕੋਈ ਵੀ ਉਨ੍ਹਾਂ ਦੀ ਨਿਗਰਾਨੀ ਨਹੀਂ ਕਰਦਾ।ਡਾਕਟਰਾਂ ਅਤੇ ਨਰਸਾਂ ਨੂੰ ਮਰੀਜ਼ਾਂ ਦੇ ਪਰਿਵਾਰਾਂ ਦੀਆਂ ਧਮਕੀਆਂ ਦਾ ਡਰ ਸੀ।ਲੋਕ ਨਾਇਕ ਹਸਪਤਾਲ ਦੀ ਇੱਕ ਨਰਸ ਨੇ ਕਿਹਾ, ਅਸੀਂ ਅਕਸਰ ਰਾਤ ਨੂੰ ਸ਼ਰਾਬੀ ਲੋਕਾਂ ਨਾਲ ਨਜਿੱਠਦੇ ਹਾਂ।ਲੋਕ ਨਾਇਕ ਹਸਪਤਾਲ ਵਿੱਚ ਪਹਿਲੇ ਸਾਲ ਦੇ ਪੋਸਟ ਗ੍ਰੈਜੂਏਟ ਵਿਦਿਆਰਥੀ ਨੇ ਕਿਹਾ, ਹਸਪਤਾਲ ਦੇ ਕੁਝ ਹਿੱਸਿਆਂ ਵਿੱਚ ਲਾਈਟਾਂ ਨਹੀਂ ਹਨ। ਬਹੁਤ ਸਾਰੇ ਹਾਜ਼ਰ ਲੋਕ ਹਸਪਤਾਲ ਦੇ ਅਹਾਤੇ ਵਿੱਚ ਫਰਸ਼ ਤੇ ਸੌਂਦੇ ਹਨ।ਤਿੰਨੇ ਹਸਪਤਾਲਾਂ ਵਿੱਚ ਰਾਤ ਵੇਲੇ ਸੁਰੱਖਿਆ ਘੱਟ ਸੀ।ਜਦੋਂ ਮੈਂ ਇਮਾਰਤ ਵਿੱਚ ਦਾਖ਼ਲ ਹੋਇਆ ਤਾਂ ਕਿਸੇ ਨੇ ਜਾਂਚ ਨਹੀਂ ਕੀਤੀ। ਦੋ ਗਾਇਨੀਕੋਲੋਜੀ ਐਮਰਜੈਂਸੀ ਵਾਰਡਾਂ ਵਿੱਚ, ਮਹਿਲਾ ਗਾਰਡਾਂ ਮੈਨੂੰ ਇੱਥੇ ਆਉਣ ਦੇ ਕਾਰਨ ਬਾਰੇ ਪੁੱਛਿਆ, ਪਰ ਹੋਰ ਕੋਈ ਸਵਾਲ ਨਹੀਂ ਪੁੱਛਿਆ ਗਿਆ।ਰਾਜ ਘਾਟ ਦੇ ਨੇੜੇ ਸਥਿਤ ਜੀਬੀ ਪੰਤ ਹਸਪਤਾਲ ਦੀ ਇੱਕ ਨਰਸ ਨੇ ਕਿਹਾ, ਸਾਨੂੰ ਬਿਹਤਰ ਸੁਰੱਖਿਆ ਦੀ ਲੋੜ ਹੈ, ਸ਼ਾਇਦ ਬਾਊਂਸਰਾਂ ਦੀ ਵੀ ਜੋ ਹੰਗਾਮਾ ਕਰਨ ਵਾਲਿਆਂ ਨਾਲ ਨਜਿੱਠ ਸਕਦੇ ਹਨ।ਦੋ ਮਹਿਲਾ ਡਾਕਟਰਾਂ ਨੇ ਦੱਸਿਆ ਕਿ ਲੋਕ ਕਲਿਆਣ ਹਸਪਤਾਲ ਵਿੱਚ 24 ਘੰਟੇ ਚੱਲਣ ਵਾਲੀ ਕੰਟੀਨ ਹੋਣ ਦੇ ਬਾਵਜੂਦ ਉਹ ਇਸ ਵਿੱਚ ਜਾਣਾ ਸੁਰੱਖਿਅਤ ਮਹਿਸੂਸ ਨਹੀਂ ਮਹਿਸੂਸ ਕਰਦੀਆਂ।ਇੱਕ ਸੀਨੀਅਰ ਰੈਜ਼ੀਡੈਂਟ ਡਾਕਟਰ ਨੇ ਕਿਹਾ, ਮੈਂ ਆਮ ਤੌਰ ਤੇ ਔਨਲਾਈਨ ਆਰਡਰ ਕਰਦਾ ਹਾਂ।ਲੇਡੀ ਹਾਰਡਿੰਗ ਕਾਲਜ ਦੇ ਇੱਕ ਸੀਨੀਅਰ ਰੈਜ਼ੀਡੈਂਟ ਨੇ ਕਿਹਾ ਕਿ ਰਾਤ ਨੂੰ ਮੈਡੀਕਲ ਟੈਸਟਾਂ ਦਾ ਮਤਲਬ ਹੈ ਕਿ ਇਮਾਰਤ ਦੇ ਅੰਦਰ ਦੂਰ-ਦੁਰਾਡੇ ਦੀਆਂ ਟੈਸਟ ਲੈਬੋਰੇਟਰੀਆਂ ਤੱਕ ਜਾਣਾ।ਲੇਡੀ ਹਾਰਡਿੰਗ ਕਾਲਜ ਦੀ ਇੱਕ ਇੰਟਰਨ ਨੇ ਅੱਗੇ ਕਿਹਾ, ਕਈ ਵਾਰ, ਇੱਕ ਔਰਤ ਡਾਕਟਰ ਨੂੰ ਸਾਰੇ ਮਰਦ ਮਾਨਸਿਕ ਰੋਗਾਂ ਦੇ ਵਾਰਡ ਵਿੱਚ ਇੱਕ ਮਰੀਜ਼ ਦੀ ਜਾਂਚ ਕਰਨ ਲਈ ਭੇਜਿਆ ਜਾਂਦਾ ਹੈ, ਜਿਸ ਨੂੰ ਰੋਕਿਆ ਜਾਣਾ ਚਾਹੀਦਾ ਹੈ।ਡਾਕਟਰਾਂ ਨੇ ਰਾਤ ਦੀਆਂ ਸ਼ਿਫਟਾਂ ਤੇ ਜਾਣ ਵਾਲਿਆਂ ਲਈ ਅਸਥਾਈ ਅਤੇ ਅਸੁਰੱਖਿਅਤ ਆਰਾਮ ਕਰਨ ਵਾਲੇ ਕਮਰਿਆਂ ਦੀ ਸ਼ਿਕਾਇਤ ਕੀਤੀ। ਲੋਕ ਨਾਇਕ ਹਸਪਤਾਲ ਦੇ ਗਾਇਨੀਕੋਲੋਜੀ ਐਮਰਜੈਂਸੀ ਵਾਰਡ ਦੇ ਇੱਕ ਡਾਕਟਰ ਨੇ ਕਿਹਾ, ਸਾਨੂੰ ਬਿਹਤਰ ਕਮਰਿਆਂ ਦੀ ਲੋੜ ਹੈ।ਲੇਡੀ ਹਾਰਡਿੰਗ ਕਾਲਜ ਦੀ ਇੱਕ ਇੰਟਰਨ ਨੇ ਦੱਸਿਆ ਕਿ ਕੁਝ ਵਿਭਾਗਾਂ ਵਿੱਚ ਮਰਦ ਅਤੇ ਮਹਿਲਾ ਡਾਕਟਰਾਂ ਲਈ ਸਾਂਝੇ ਆਰਾਮ ਕਮਰੇ ਸਨ।

**ਅਥਾਰਟੀ ਜਵਾਬ: ਉਡੀਕ ਹੈ**

**ਲਖਨਊ: ਬਾਹਰਲੇ ਲੋਕ ਬਿਨਾਂ ਜਾਂਚ ਦੇ ਅੰਦਰ ਆ ਸਕਦੇ ਹਨ**

**ਸਈਅਦ ਮੋਜ਼ੀਜ਼ ਇਮਾਮ**

ਮੈਂ ਕਿੰਗ ਜਾਰਜ ਮੈਡੀਕਲ ਯੂਨੀਵਰਸਿਟੀ (ਕੇਜੀਐਮਯੂ) ਕੈਂਪਸ ਦਾ ਦੌਰਾ ਕੀਤਾ, ਜਿੱਥੇ ਮੇਨ ਗੇਟ @ਤੇ ਦੋ ਗਾਰਡ ਮੌਜੂਦ ਸਨ ਪਰ ਉੱਥੇ ਦਾਖ਼ਲੇ ਤੇ ਕੋਈ ਪਾਬੰਦੀ ਨਹੀਂ ਸੀ।ਦਵਾਈ ਵਿਭਾਗ ਦੇ ਅਧੀਨ ਮਰੀਜ਼ਾਂ ਲਈ ਬਣੇ ਵਾਰਡ ਵਿੱਚ ਦੋ ਪੁਰਸ਼ ਅਤੇ ਇੱਕ ਮਹਿਲਾ ਗਾਰਡ ਮੌਜੂਦ ਸਨ।ਸੀਨੀਅਰ ਰੈਜ਼ੀਡੈਂਟ ਡਾਕਟਰ ਨੀਤਾ ਨੇ ਮਰੀਜ਼ ਦੇ ਰਿਸ਼ਤੇਦਾਰਾਂ ਵੱਲੋਂ ਡਿਊਟੀ ਡਾਕਟਰਾਂ ਨਾਲ ਦੁਰਵਿਵਹਾਰ ਕਰਨ ਦੀ ਸ਼ਿਕਾਇਤ ਕੀਤੀ।ਉਨ੍ਹਾਂ ਕਿਹਾ, ਅਜਿਹੀਆਂ ਸਥਿਤੀਆਂ ਵਿੱਚ, ਅਸੀਂ ਸੁਰੱਖਿਆ ਨੂੰ ਕਹਿੰਦੇ ਹਾਂ, ਹਾਲਾਂਕਿ ਉਹ ਘੱਟ ਹੀ ਦਖ਼ਲ ਦਿੰਦੇ ਹਨ। ਆਖ਼ਰਕਾਰ, ਇਹ ਅਸੀਂ ਹਾਂ, ਜੋ ਸਥਿਤੀ ਨੂੰ ਸੰਭਾਲਦੇ ਹਾਂ।ਹੋਸਟਲ ਦਾ ਇ ਲਾਕਾ ਹਨੇਰੇ ਵਾਲਾ ਸੀ।ਐੱਮਬੀਬੀਐੱਸ ਫਾਈਨਲ ਈਅਰ ਦੀਆਂ ਵਿਦਿਆਰਥਣਾਂ ਡਾ. ਹਰਸ਼ਿਤਾ ਅਤੇ ਡਾ. ਨੀਤੂ ਨੇ ਕਿਹਾ ਕਿ ਉਹ ਅਕਸਰ ਬਾਹਰਲੇ ਲੋਕਾਂ ਨੂੰ ਘੁੰਮਦੇ ਦੇਖਦੇ ਹਨ ਜੋ ਅਸ਼ਲੀਲ ਟਿੱਪਣੀਆਂ ਕਰਦੇ ਹਨ,ਪ੍ਰਸ਼ਾਸਨ ਨੂੰ ਐਂਟਰੀ ਅਤੇ ਐਗਜ਼ਿਟ ਪੁਆਇੰਟਾਂ ਤੇ ਪਾਬੰਦੀ ਲਗਾਉਣੀ ਚਾਹੀਦੀ ਹੈ।ਡਾਕਟਰ ਹਰਸ਼ਿਤਾ ਨੇ ਦੱਸਿਆ ਕਿ ਪਿਛਲੇ ਕੁਝ ਮਹੀਨਿਆਂ ਵਿੱਚ ਵਧੇਰੇ ਗਸ਼ਤ ਸ਼ੁਰੂ ਹੋਈ ਹੈ, ਇਸ ਲਈ ਕੈਂਪਸ ਸੁਰੱਖਿਅਤ ਜਾਪਦਾ ਹੈ।ਇੱਕ ਡਾਕਟਰ ਨੇ ਦੱਸਿਆ ਕਿ ਲੜਕੀਆਂ ਦੇ ਹੋਸਟਲ ਦੇ ਬਿਲਕੁਲ ਸਾਹਮਣੇ - ਟਰੌਮਾ ਸੈਂਟਰ ਦੇ ਬਾਹਰ ਔਰਤਾਂ ਨਾਲ ਛੇੜਛਾੜ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ।ਡਾ. ਅਕਾਂਸ਼ਾ ਹੋਰ ਸੁਰੱਖਿਆ ਗਾਰਡਾਂ ਦੀ ਮੰਗ ਕਰਦੇ ਹਨ, ਉਹ ਚਾਹੁੰਦੇ ਹਨ।ਅਥਾਰਟੀ ਦਾ ਜਵਾਬ - ਕੇਜੀਐਮਯੂ ਦੇ ਬੁਲਾਰੇ ਡਾ. ਸੁਧੀਰ ਸਿੰਘ ਨੇ ਕਿਹਾ, ਸਾਡੇ ਕੋਲ ਕੈਂਪਸ, ਹੋਸਟਲਾਂ ਅਤੇ ਵਾਰਡਾਂ ਦੇ ਅੰਦਰ ਇੱਕ ਉਚਿਤ ਸੁਰੱਖਿਆ ਉਪਕਰਨ ਹੈ। ਸਾਡੇ ਕੋਲ ਇੱਕ ਸੁਰੱਖਿਆ ਟੀਮ ਹੈ ਅਤੇ ਅਜਹਿ ਅਮਲਾ ਹੋਸਟਲ ਦੇ ਅੰਦਰ ਵੀ ਮੌਜੂਦ ਹੈ। ਵਾਰਡਾਂ ਵਿੱਚ ਸੁਰੱਖਿਆ ਗਾਰਡ ਹਨ। ਸਾਨੂੰ ਕੈਂਪਸ ਵਿੱਚ ਕਿਸੇ ਦੁਰਘਟਨਾ ਦੀ ਕੋਈ ਰਿਪੋਰਟ ਨਹੀਂ ਮਿਲੀ ਹੈ।ਵਿਸ਼ਾਕਾ ਦਿਸ਼ਾ-ਨਿਰਦੇਸ਼ਾਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਜਾਂਦੀ ਹੈ। ਵੱਖ-ਵੱਖ ਮਹੱਤਵਪੂਰਨ ਮੌਕਿਆਂ ਤੇ ਸੀਸੀਟੀਵੀ ਕੈਮਰੇ ਲਗਾਏ ਗਏ ਹਨ ਅਤੇ ਨਿਯਮਤ ਤੌਰ ਤੇ ਨਿਗਰਾਨੀ ਕੀਤੀ ਜਾ ਰਹੀ ਹੈ।

# ਪੰਜਾਬ ਮੰਤਰੀ ਮੰਡਲ ਵੱਲੋਂ ਰਜਿਸਟਰੀ ਲਈ ਐੱਨਓਸੀ ਦੀ ਸ਼ਰਤ ਖ਼ਤਮ

ਚੰਡੀਗੜ੍ਹ - ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲੀ ਦੀ ਮੀਟਿੰਗ ਦੌਰਾਨ 16ਵੀਂ ਪੰਜਾਬ ਵਿਧਾਨ ਸਭਾ ਦਾ ਸੱਤਵਾਂ ਤਿੰਨ ਰੋਜ਼ਾ ਸੈਸ਼ਨ ਸੱਦਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਮੌਨਸੂਨ ਸੈਸ਼ਨ 2 ਤੋਂ 4 ਸਤੰਬਰ ਤੱਕ ਸੱਦਿਆ ਗਿਆ ਹੈ। ਮੁੱਖ ਮੰਤਰੀ ਦੀ ਰਿਹਾਇਸ਼ ’ਤੇ ਹੋਈ ਮੀਟਿੰਗ ਵਿੱਚ ਜ਼ਮੀਨ-ਜਾਇਦਾਦ ਦੀ ਰਜਿਸਟਰੀ ਲਈ ਇਤਰਾਜ਼ਹੀਣਤਾ ਸਰਟੀਫਿਕੇਟ (ਐੱਨਓਸੀ) ਦੀ ਸ਼ਰਤ ਨੂੰ ਸਿਧਾਂਤਕ ਤੌਰ ’ਤੇ ਖ਼ਤਮ ਕਰਨ ਦੀ ਸਹਿਮਤੀ ਵੀ ਦਿੱਤੀ ਗਈ।ਮੰਤਰੀ ਮੰਡਲ ਦੀ ਮੀਟਿੰਗ ਬਾਰੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਤੇ ਅਮਨ ਅਰੋੜਾ ਨੇ ਦੱਸਿਆ ਕਿ ਪੰਜਾਬ ਵਿੱਚ ਬਿਨਾਂ ਪ੍ਰਵਾਨਗੀ ਵਾਲੀਆਂ ਜ਼ਮੀਨਾਂ ਦੀ ਖਰੀਦੋ-ਫਰੋਖਤ ’ਤੇ ਪਾਬੰਦੀ ਲਾਉਣ ਲਈ ਜ਼ਮੀਨ-ਜਾਇਦਾਦ ਦੀ ਰਜਿਸਟਰੇਸ਼ਨ ਲਈ ਵੱਖ-ਵੱਖ ਵਿਭਾਗਾਂ ਤੋਂ ਐੱਨਓਸੀ ਲੈਣੀ ਲਾਜ਼ਮੀ ਸੀ, ਜਿਸ ਕਾਰਨ ਸੂਬੇ ਵਿੱਚ ਵੱਡੀ ਗਿਣਤੀ ਵਿੱਚ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਅੱਧ ਵਿਚਾਲੇ ਅਟਕੀਆਂ ਹੋਈਆਂ ਹਨ। ਅੱਜ ਮੰਤਰੀ ਮੰਡਲ ਨੇ ਜ਼ਮੀਨ-ਜਾਇਦਾਦ ਦੀ ਰਜਿਸਟਰੀ ਲਈ ਐੱਨਓਸੀ ਦੀ ਸ਼ਰਤ ਸਿਧਾਂਤਕ ਤੌਰ ’ਤੇ ਖ਼ਤਮ ਕਰਨ ਦੀ ਸਹਿਮਤੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਜਿਨ੍ਹਾਂ ਜਾਇਦਾਦਾਂ ਦੇ ਰਜਿਸਟਰਡ ਬਿਆਨੇ 31 ਜੁਲਾਈ 2024 ਤੱਕ ਹੋ ਚੁੱਕੇ ਹਨ, ਉਨ੍ਹਾਂ ਜਾਇਦਾਦਾਂ ਦੀ ਰਜਿਸਟਰੀ 30 ਨਵੰਬਰ 2024 ਤੱਕ ਬਿਨਾਂ ਕਿਸੇ ਐੱਨਓਸੀ ਤੋਂ ਕਰਵਾਈ ਜਾ ਸਕੇਗੀ।ਕੈਬਨਿਟ ਮੰਤਰੀ ਨੇ ਕਿਹਾ ਕਿ ਮੰਤਰੀ ਮੰਡਲ ਨੇ ਕੁਦਰਤੀ ਆਫ਼ਤਾਂ ਦੀ ਸੂਰਤ ਵਿੱਚ ਨੁਕਸਾਨੀਆਂ ਫ਼ਸਲਾਂ ਦੇ ਮੁਆਵਜ਼ੇ ਲਈ ਐੱਸਡੀਆਰਐੱਫ ਅਤੇ ਸੂਬਾਈ ਬਜਟ



’ਚੋਂ ਸਾਂਝੇ ਤੌਰ ’ਤੇ ਇਕ ਕਰੋੜ ਰੁਪਏ ਤੋਂ ਵੱਧ ਦੇ ਫੰਡ ਜਾਰੀ ਕਰਨ ਲਈ ਸਮਰੱਥ ਅਥਾਰਟੀ ਵਜੋਂ ਸਟੇਟ ਐਗਜ਼ੀਕਿਊਟਿਵ ਕਮੇਟੀ ਨੂੰ ਨਾਮਜ਼ਦ ਕਰਨ ਦੀ ਮਨਜ਼ੂਰੀ ਵੀ ਦੇ ਦਿੱਤੀ। ਉਨ੍ਹਾਂ ਕਿਹਾ ਕਿ ਮੰਤਰੀ ਮੰਡਲ ਨੇ ਪੰਜਾਬ ਫਾਇਰ ਸੇਫ਼ਟੀ ਤੇ ਐਮਰਜੈਂਸੀ ਸੇਵਾਵਾਂ ਬਿੱਲ, 2024 ਨੂੰ ਮਨਜ਼ੂਰੀ ਦੇ ਦਿੱਤੀ। ਇਸ ਤਹਿਤ ਸਾਲਾਨਾ ਫਾਇਰ ਸੇਫ਼ਟੀ ਸਰਟੀਫਿਕੇਟ ਹੁਣ ਤਿੰਨ ਸਾਲਾਂ ਮਗਰੋਂ ਲੈਣਾ ਪਵੇਗਾ। ਇਸ ਮੌਕੇ ਸੱਤ ਗ੍ਰਾਮ ਨਿਆਲਿਆ ਪਾਤੜਾਂ (ਪਟਿਆਲਾ), ਤਪਾ (ਬਰਨਾਲਾ), ਬੱਸੀ ਪਠਾਣਾਂ (ਫਤਹਿਗੜ੍ਹ ਸਾਹਿਬ), ਡੇਰਾ ਬਾਬਾ ਨਾਨਕ (ਗੁਰਦਾਸਪੁਰ), ਧਾਰ ਕਲਾਂ (ਪਠਾਨਕੋਟ), ਰਾਏਕੋਟ (ਲੁਧਿਆਣਾ) ਤੇ ਚਮਕੌਰ ਸਾਹਿਬ (ਰੂਪਨਗਰ) ਲਈ 49 ਅਸਾਮੀਆਂ ਸਿਰਜਣ ਨੂੰ ਵੀ ਪ੍ਰਵਾਨਗੀ ਦੇ ਦਿੱਤੀ।ਕੈਬਨਿਟ ਨੇ ਪੰਜਾਬ ’ਚ ਰਜਿਸਟਰਡ ਟੂਰਿਸਟ ਵਾਹਨਾਂ ’ਤੇ ਮੋਟਰ ਵਾਹਨ ਟੈਕਸ ਘਟਾ ਦਿੱਤਾ ਹੈ। ਲਗਜ਼ਰੀ ਵਾਹਨਾਂ ਦੀ ਇਕ ਹੋਰ ਸ਼੍ਰੇਣੀ ’ਤੇ ਵਾਧੂ ਰੋਡ ਟੈਕਸ ਲਾਉਣ ਦੀ ਵੀ ਸਹਿਮਤੀ ਦਿੱਤੀ ਅਤੇ ਵਾਤਾਵਰਨ ਪ੍ਰਦੂਸ਼ਣ ਦੀ ਰੋਕਥਾਮ ਲਈ ਪੰਜਾਬ ’ਚ ਰਜਿਸਟਰਡ ਪੁਰਾਣੇ ਟਰਾਂਸਪੋਰਟ ਤੇ ਗ਼ੈਰ ਟਰਾਂਸਪੋਰਟ ਵਾਹਨਾਂ ’ਤੇ ਗਰੀਨ ਟੈਕਸ ਲਾਉਣ ਦਾ ਵੀ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੰਤਰੀ ਮੰਡਲ ਨੇ ਯੁਵਕ ਸੇਵਾਵਾਂ ਵਿਭਾਗ ਵੱਲੋਂ ਨੌਜਵਾਨਾਂ ਦੀ ਭਲਾਈ ਲਈ ਤਿਆਰ ਕੀਤੀ ਯੁਵਕ ਸੇਵਾਵਾਂ ਨੀਤੀ-2024 ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਸੇ ਦੌਰਾਨ ਖੇਡ ਵਿਭਾਗ ਦੇ ‘ਦਿ ਆਊਟਸਟੈਂਡਿਗ ਸਪੋਰਟਸ ਪਰਸਨਜ਼ ਸਰਵਿਸ ਰੂਲਜ਼’ ਤਿਆਰ ਕਰਕੇ ਇਸ ਰਾਹੀਂ ਸਪੋਰਟਸ ਰੈਗੂਲਰ ਕਾਡਰ ਸਰਵਿਸ ਰੂਲਜ਼ ਵਿੱਚ ਸੋਧ ਕਰਨ ਤੇ ‘ਪੰਜਾਬ ਸਪੋਰਟਸ ਮੈਡੀਕਲ ਕਾਡਰ ਸਰਵਿਸ ਰੂਲਜ਼’ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਮੰਤਰੀ ਮੰਡਲ ਨੇ ਗ਼ੈਰ-ਜੰਗਲਾਤ ਵਾਲੀ ਸਰਕਾਰੀ ਤੇ ਜਨਤਕ ਜ਼ਮੀਨ-2024 ਲਈ ਰੁੱਖ ਸੰਭਾਲ ਨੀਤੀ ਨੂੰ ਹਰੀ ਝੰਡੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸਾਲ 2030 ਤੱਕ ਇਹ ਰਕਬਾ ਵਧਾ ਕੇ 7.5 ਫੀਸਦੀ ਕਰਨ ਦਾ ਟੀਚਾ ਮਿਥਿਆ ਹੈ। ਕੈਬਨਿਟ ਨੇ ਜਾਪਾਨ ਦੇ ਸਹਿਯੋਗ ਨਾਲ 792.88 ਕਰੋੜ ਰੁਪਏ ਦੀ ਲਾਗਤ ਨਾਲ ਪੰਜਾਬ ’ਚ ਖੇਤੀ ਜੰਗਲਾਤ ਨੂੰ ਉਤਸ਼ਾਹਤ ਕਰਨ ਤੇ ਜੈਵਿਕ ਵਿਭਿੰਨਤਾ ਦੀ ਸੰਭਾਲ ਲਈ ਪ੍ਰਾਜੈਕਟ ਸ਼ੁਰੂ ਕਰਨ ਦੀ ਵੀ ਪ੍ਰਵਾਨਗੀ ਦਿੱਤੀ।ਮੰਤਰੀ ਮੰਡਲ ਨੇ ਪਸ਼ੂਆਂ ਦੀਆਂ ਬਿਹਤਰ ਸਿਹਤ ਸਹੂਲਤਾਂ ਲਈ ਮੰਤਰੀ ਮੰਡਲ ਨੇ ਸੂਬੇ ਦੇ 582 ਵੈਟਰਨਰੀ ਹਸਪਤਾਲਾਂ ਵਿੱਚ ਕੰਮ ਕਰਦੇ 479 ਵੈਟਰਨਰੀ ਫਾਰਮਾਸਿਸਟਾਂ ਅਤੇ 472 ਸਫਾਈ ਸੇਵਕਾਂ ਦੀਆਂ ਸੇਵਾਵਾਂ 31 ਮਾਰਚ 2025 ਤੱਕ ਸਰਵਿਸ ਪ੍ਰੋਵਾਈਡਰ ਵਜੋਂ ਵਧਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਮੌਕੇ ਕਾਨੂੰਨੀ ਤੇ ਵਿਧਾਨਿਕ ਮਾਮਲਿਆਂ ਵਿਭਾਗ ਦੇ ਪੁਨਰਗਠਨ ਦੀ ਪ੍ਰਵਾਨਗੀ ਵੀ ਦੇ ਦਿੱਤੀ ਹੈ।



# Ottawa Airport Travellers Report 'Unprofessional' Behaviour by Security Screeners

